# ਸੋਢੀ ਮਿਹਰਵਾਨ

## ਜੀਵਨ ਤੇ ਸਾਹਿੱਤ

ਸ਼ਮਸ਼ੇਰ ਸਿੰਘ ਅਸ਼ੋਕ

ਫ਼ਕੀਰ ਸਿੰਘ ਐਂਡ ਸੰਨਜ਼
ਘੰਟਾ ਘਰ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kripalani Sr

16.4.71

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਵੰਸ਼ਜ ਅਤੇ ੧੭ਵੀਂ ਸਦੀ ਦੇ

ਪ੍ਰਸਿੱਧ ਲੇਖਕ

# ਸੋਢੀ ਮਿਹਰਵਾਨ

ਦਾ

# ਜੀਵਨ ਤੇ ਸਾਹਿੱਤ

ਸ਼ਮਸ਼ੇਰ ਸਿੰਘ ਅਸ਼ੋਕ

੧੯੬੮

ਭਾਈ ਫ਼ਕੀਰ ਸਿੰਘ ਐਂਡ ਸਨਜ਼, ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ

ਪਹਿਲੀ ਵਾਰ—੧੦੦੦ ਮੁੱਲ : ਤਿੰਨ ਰੁਪਏ

Digitized by Panjab Digital Library | www.panjabdigilib.org

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਪ੍ਰਿੰਟਰ :
ਤੇਜਾ ਸਿੰਘ ਸੇਠੀ,
ਤੇਜ ਪ੍ਰਿੰਟਿੰਗ ਪ੍ਰੈਸ,
ਕਟੜਾ ਸ਼ੇਰ ਸਿੰਘ,
ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਸਮਰਪਣ

ਉਨ੍ਹਾਂ ਖੋਜ-ਪ੍ਰੇਮੀ ਪਾਠਕਾਂ ਨੂੰ, ਜੋ ਪੰਜਾਬ ਦੇ ਪੁਰਾਤਨ ਹੱਥ-ਲਿਖਿਤ ਪੰਜਾਬੀ-ਸਾਹਿੱਤ ਦੀ ਖੋਜ ਕਰਨ ਲਈ ਦਿਨ ਰਾਤ ਇਕ ਕਰਕੇ ਤਨ, ਮਨ, ਧਨ ਨਾਲ ਜੁਟੇ ਹੋਏ ਹਨ ਅਤੇ ਜਿਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਉਤੇ ਮਾਤ-ਭਾਸ਼ਾ ਪੰਜਾਬੀ ਦਾ ਉੱਜਲ ਭਵਿੱਖ ਨਿਰਭਰ ਹੈ।

— ਸ਼ਮਸ਼ੇਰ ਸਿੰਘ ਅਸ਼ੋਕ

Digitized by Panjab Digital Library | www.panjabdigilib.org

ਇਸੇ ਕਲਮ ਤੋਂ ਪੰਜਾਬੀ ਦੀ ਇਕ ਹੋਰ ਧੜੱਲੇਦਾਰ ਖੋਜ-ਪੁਸਤਕ

# ਦਸਮ ਗ੍ਰੰਥ ਬਾਰੇ

ਅਥਵਾ

# ਦਸਮ ਗ੍ਰੰਥ ਤੇ ਹੋਰ ਰਚਨਾਵਾਂ

ਇਹ ਪੁਸਤਕ ਪ੍ਰਸਿੱਧ ਖੋਜੀ ਸ: ਸ਼ਮਸ਼ੇਰ ਸਿੰਘ ਅਸ਼ੋਕ ਦੀ ਕਲਮ ਤੋਂ ਦਸਮ ਗ੍ਰੰਥ ਤੇ ਸ਼੍ਰੀ ਦਸ਼ਮੇਸ਼-ਦਰਬਾਰ ਦੀਆਂ ਹੋਰ ਸਾਹਿੱਤਕ ਰਚਨਾਵਾਂ ਸੰਬੰਧੀ ਆਪਣੀ ਕਿਸਮ ਦਾ ਇਕ ਨਵਾਂ ਸ਼ਾਹਕਾਰ ਹੈ, ਜਿਸ ਨੂੰ ਅਸੀਂ ਪਹਿਲੀ ਵੇਰ ਪ੍ਰਕਾਸ਼ਿਤ ਕੀਤਾ ਹੈ। ਇਸ ਪੁਸਤਕ ਵਿਚ ਅਸ਼ੋਕ ਹੋਰਾਂ ਦੇ ੯ ਲੇਖਾਂ ਦਾ ਸੰਗ੍ਰਹ ਹੈ, ਜੋ ਸੰਨ ੧੯੪੦--੪੨ ਵਿਚ ਲਾਹੌਰ ਦੇ ਪ੍ਰਸਿੱਧ ਮਾਸਿਕ ਪਤ੍ਰ ਪੰਜ ਦਰਿਆ, ਪ੍ਰੀਤਮ, ਪੰਜਾਬੀ ਸਾਹਿੱਤ ਤੇ ਹਫ਼ਤਾਵਾਰ ਸ਼ੇਰਿ ਪੰਜਾਬ (ਉਰਦੂ) ਵਿਚ ਛਪਦੇ ਰਹੇ ਹਨ। ਆਲੋਚਨਾ ਤੇ ਪੜਚੋਲ ਦੇ ਪੱਖ ਤੋਂ ਇਹ ਚੂੰਕਿ ਆਪਣੀ ਕਿਸਮ ਦੀ ਇਕ ਨਿਰਾਲੀ ਰਚਨਾ ਹੈ, ਇਸ ਲਈ ਹੱਥੋ ਹੱਥ ਵਿਕ ਰਹੀ ਹੈ। ਕੀਮਤ ਕੇਵਲ ੪) ਰੁਪਏ ਹੈ।

ਮਿਲਣ ਦਾ ਪਤਾ:—

ਭਾਈ ਫ਼ਕੀਰ ਸਿੰਘ ਐਂਡ ਸਨਜ਼, ਪੁਸਤਕਾਂ ਵਾਲੇ,

ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ।

Digitized by Panjab Digital Library | www.panjabdigilib.org

# ਵਿਸ਼ੈ-ਸੂਚੀ

ਮੁੱਢਲੀ ਜਾਣ-ਪਛਾਣ ੧—੮ ।

੧. ਪ੍ਰਾਰੰਭਕ ਇਤਿਹਾਸ ੯—੧੪ ।

ਮੁੱਖ ਸ਼ਬਦ ੯, ਸੋਢ-ਵੰਸ਼ ੧੦, ਖਤ੍ਰੀਆਂ ਦਾ ਮੁੱਢ : ਜਾਤਿ ਤੇ ਗੋਤ ੧੨ – ੧੪ ।

੨. ਸੋਢੀ ਪ੍ਰਿਥੀ ਚੰਦ ੧੪—੨੫ ।

ਸ੍ਰੀ ਗੁਰੂ ਰਾਮਦਾਸ ਜੀ ਦੀ ਸੰਤਾਨ, ਰਾਮਦਾਸ ਪੁਰ (ਗੁਰੂ ਚੱਕ) ਦੀ ਨੀਂਹ ੧੫, ਸੰਤੋਖ ਸਰ ਤੇ ਸੁਧਾ ਸਰ, ਅਮਰ ਸਰ ਤੇ ਅਮ੍ਰਿਤਸਰ ੧੬, ਪੁਤ੍ਰੀ ਵਾਸਤੇ ਪਿਤਾ ਦੀ ਕੁਰਬਾਨੀ ੧੭, ਗੋਇੰਦਵਾਲ ਤੋਂ ਰਾਮਦਾਸ ਪੁਰ, ਪ੍ਰਿਥੀ ਚੰਦ ਦਾ ਸੁਭਾਉ ਤੇ ਆਚਾਰ ੧੮, ਸ੍ਰੀ ਗੁਰੂ ਅਰਜਨ ਜੀ ਦੇ ਲਾਹੌਰੋਂ ਤਿੰਨ ਪਤ੍ਰ ੧੯, ਵਿਰੋਧਤਾ ਦੇ ਪ੍ਰਮੁਖ ਕਾਰਣ ੨੦, ਪ੍ਰਿਥੀਏ ਦਾ ਗੁਰੂ-ਪਿਤਾ ਨਾਲ ਝਗੜਾ, ਬਾਬੇ ਬੁੱਢੇ ਨਾਲ ਟੱਕਰ ੨੧, ਗੁਰੂ-ਪਿਤਾ ਪਾਸ ਫ਼ਰਿਆਦ ੨੨, ਗੁਰੂ ਰਾਮਦਾਸ ਜੀ ਗੋਇੰਦਵਾਲ ਜਾ ਕੇ ਜੋਤੀ ਜੋਤ ਸਮਾਏ ੨੪, ਪ੍ਰਿਥੀਏ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਦੋਸ਼, ਦਸਤਾਰ ਬੰਦੀ ਦੀ ਰਸਮ ੨੫ ।



Digitized by Panjab Digital Library | www.panjabdigilib.org

3. ਪ੍ਰਿਥੀ ਚੰਦ ਤੇ ਸ੍ਰੀ ਗੁਰੂ ਅਰਜਨ ਦੇਵ ਜੀ ੨੫—੪੨ ।

ਪਰਿਵਾਰਿਕ ਵਿਰੋਧ ੨੬, ਸੋਢੀ ਮਿਹਰਵਾਨ ਦਾ ਜਨਮ, ਕ੍ਰਮਿਕ ਵਿਕਾਸ ਤੇ ਸੁਭਾਉ ੨੭, ਗੁਰੂ ਅਰਜਨ ਤੋਂ ਵਿਰੁੱਧ ਪ੍ਰਿਥੀ ਚੰਦ ਦੇ ਮੁੱਢਲੇ ਯਤਨ ੨੮, ਚੰਦੂ ਸ਼ਾਹੀ ਦੀ ਧੀ ਦਾ ਰਿਸ਼ਤਾ, ਗੁਰੂ ਅਰਜਨ ਬਾਸਰਕੀ ਗਏ ਤੇ ਪ੍ਰਿਥੀਏ ਨੇ ਪਿੱਛਾ ਕੀਤਾ ੨੯, ਬਾਸਰਕੀ ਤੋਂ ਖਡੂਰ ਤੇ ਗੋਇੰਦ ਵਾਲ, ਅਮ੍ਰਿਤ ਸਰੋਵਰ ਤੇ ਸੰਤੋਖ ਸਰ ੩੦, ਅਮ੍ਰਿਤਸਰ ਦੀ ਆਬਾਦੀ ੩੧, ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ, ਪ੍ਰਿਥੀਏ ਹੋਰਾਂ ਦੇ ਮਨਸੂਬੇ ੩੨, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੂਸਰੀ ਸ਼ਾਦੀ ੩੩, ਨਗਰ ਤਰਨ ਤਾਰਨ ਤੇ ਸਰੋਵਰ ਦੀ ਨੀਂਹ, ਗੁਰ-ਬਾਣੀ ਦੀ ਰਚਨਾ ਤੇ ਚਾਰ ਲਿਖਾਰੀ ੩੪, ਪ੍ਰਿਥੀਏ ਦਾ ਗੁਰੂ ਜੀ ਨੂੰ ਤਾਨਾ ੩੫, ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਜਨਮ, ਪ੍ਰਿਥੀਏ ਦੀਆਂ ਚਾਲਾਕੀਆਂ ਤੋਂ ਸ੍ਰੀ ਹਰਿ ਗੋਬਿੰਦ ਜੀ ਦਾ ਬਚਾਉ ੩੬, ਸਾਜ਼ਿਸ਼ਾਂ ਦਾ ਜਾਲ ੩੭, ਪ੍ਰਿਥੀਏ ਨਾਲ ਸਦੀਵੀ ਟੁੱਟ ੩੮, ਪ੍ਰਿਥੀਏ ਦੀ ਗੁਰੂ ਜੀ ਦੇ ਵਿਰੋਧੀਆਂ ਨਾਲ ਗੰਢ-ਤ੍ਰੁੱਪ, ਪ੍ਰਿਥੀਆ ਸੁਲਹੀ ਖ਼ਾਨ ਨੂੰ ਹੇਹਰ ਜਾ ਕੇ ਮਿਲਿਆ ੩੯, ਪਿੰਡ ਹੇਹਰ ਦੀ ਜ਼ਮੀਨ ਦਾ ਪਟਾ ਤੇ ਪ੍ਰਿਥੀਏ ਦੀ ਗੁਰ-ਗੱਦੀ ੪੦, ਭਾਈ ਗੁਰਦਾਸ ਵਲੋਂ ਪ੍ਰਿਥੀਏ ਦੀ ਕਰੜੀ ਆਲੋਚਨਾ, ਪ੍ਰਿਥੀ ਚੰਦ ਲਾਹੌਰੋਂ ਵਾਪਿਸ ਮੁੜਿਆ ੪੧, ਬਾਬਾ ਸ੍ਰੀ ਚੰਦ ਤੇ ਮਾਤਾ ਭਾਨੀ ਜੀ ਦਾ ਅਕਾਲ ਚਲਾਣਾ ੪੨ ।

੪. ਪ੍ਰਿਥੀ ਚੰਦ ਤੇ ਮਿਹਰਵਾਨ ੪੩—੫੭ ।

ਗੁਰਿਆਈ ਦੀਆਂ ਨਿਸ਼ਾਨੀਆਂ : ਮਾਲਾ ਤੇ ਪੋਥੀ ੪੩, ਸੋਢੀ ਮਿਹਰਵਾਨ ਦੀ ਬਾਣੀ ਤੇ ਪ੍ਰਿਥੀਏ ਦੀ ਸੰਪ੍ਰਦਾਇ ੪੪, ਸ੍ਰੀ ਆਦਿ ਗ੍ਰੰਥ ਜੀ ਦੀ ਰਚਨਾ ੪੫, ਭਗਤ ਕਾਨ੍ਹੇ ਮੁਤਸੱਦੀ ਦੀ ਗੁਸਤਾਖ਼ੀ ਤੇ ਮੌਤ ੪੭, ਸੁਲਬੀ ਖ਼ਾਨ ਦਾ ਕਤਲ ੪੮, ਸੁਲਹੀ ਖ਼ਾਨ ਦੀ ਮੌਤ ੪੯, ਸ਼ਾਹ ਅਕਬਰ ਨੇ ਸ੍ਰੀ ਆਦਿ ਗ੍ਰੰਥ ਜੀ ਦਾ ਪਾਠ ਸੁਣਿਆ ੫੦, ਸ਼ਾਹ



Digitized by Panjab Digital Library | www.panjabdigilib.org

ਅਕਬਰ ਦਾ ਅੰਤ ਤੇ ਜਹਾਂਗੀਰ ਨੂੰ ਗੱਦੀ ੫੧, ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ ੫੨, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਚੰਦੂ ਦੀ ਨੂੰਹ ਵਲੋਂ ਅਫ਼ਸੋਸ ੫੩, ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਗੁਰੂ-ਗੱਦੀ ੫੫, ਪ੍ਰਿਥੀਏ ਦੀ ਅਲਹਿਦਾ ਗੱਦੀ, ਪ੍ਰਿਥੀਏ ਦਾ ਦੇਹਾਂਤ ੫੬, ਸੋਢੀ ਹਰਿ ਜੀ ਦੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਗ਼ਲਤ ਬਿਆਨੀਆਂ ੫੭।

੫. ਸੋਢੀ ਮਿਹਰਵਾਨ ਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ੫੭—੬੨।

ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਰਾਜਸੀ ਠਾਠ ਤੇ ਵਿਰੋਧੀਆਂ ਨੂੰ ਚਿੰਤਾ ੫੮, ਸ਼ਾਹੀ ਖਤ੍ਰੀਆਂ ਨੂੰ ਸਜ਼ਾ ੫੯, ਮਿਹਰਵਾਨ ਦਾ ਮਿਲਾਪ ੬੦, ਸੋਢੀ ਮਿਹਰਵਾਨ ਦੀ ਨਵੀਂ ਗੰਢ-ਤ੍ਰੁੱਪ, ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਜੁੱਧ ੬੧, ਸ੍ਰੀ ਅਮ੍ਰਿਤਸਰ ਪਰ ਮਿਹਰਵਾਨ ਤੇ ਹਰਿ ਜੀ ਦਾ ਕਬਜ਼ਾ, ਸ੍ਰੀ ਅਮ੍ਰਿਤਸਰ ਮੁੜ ਪੰਥਕ ਪ੍ਰਬੰਧ ਵਿਚ ੬੨।

੬. ਸੋਢੀ ਮਿਹਰਵਾਨ : ਜੀਵਨ ਤੇ ਸੰਪ੍ਰਦਾਇ ੬੨—੭੪।

ਜਨਮ ਤੇ ਵਿਆਹ, ਦੇਵਤਾਵਾਦੀ ਤੇ ਇਸਲਾਮੀ ਖ਼ਿਆਲਾਂ ਵਲ ਝੁਕਾਉ ੬੩, ਸੁਭਾਵਿਕ ਗੁਣ ਤੇ ਰੁਚੀਆਂ ੬੪, ਪੋਥੀ-ਪੁਸਤਕਾਂ ਲਿਖਣ ਦਾ ਰਿਵਾਜ, ਪ੍ਰਬੰਧ ਸੰਬੰਧੀ ਗੁਣ ੬੫, ਸੋਢੀ ਮਿਹਰਵਾਨ ਦੀ ਨਿਤ ਕ੍ਰਿਯਾ ੬੭, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੀਸੋ ਰੀਸ ਮਿਹਰਵਾਨ ਦਾ ਸਭ ਤੋਂ ਪਹਿਲਾ ਸ਼ਬਦ ੬੮, ਅੰਤਲਾ ਸ਼ਬਦ ੭੦, ਸੱਚਖੰਡ ਦਰਬਾਰ (ਹੇਹਰ) ੭੧, ਦੇਸ਼-ਭ੍ਰਮਣ, ਦੇਹਾਂਤ ੭੨ ਦੋ ਵੱਖੋ ਵੱਖ ਗੁਰੂ-ਪ੍ਰਣਾਲੀਆਂ, ਦੀਵਾਨੇ ਸਾਧੂ ਤੇ ਉਨ੍ਹਾਂ ਦੀ ਕਾਵਯ-ਰਚਨਾ ੭੩।

੭. ਸੋਢੀ ਮਿਹਰਵਾਨ ਦੀ ਸਾਹਿੱਤਕ ਸੇਵਾ ੭੪—੮੦।

ਮੁੱਢਲੇ ਪ੍ਰਯਤਨ ੭੪, ਲੇਖਕ, ਲਿਖਾਰੀ ਤੇ ਗ੍ਰੰਥ-ਰਚਨਾ, ਗੱਦ-ਪੱਦ ਰਚਨਾਵਾਂ ੭੬, ਪੱਦ-ਰਚਨਾ ੭੭, ਗੱਦ-ਰਚਨਾਵਾਂ, ਪੰਜਾਬੀ ਸ਼ਬਦ-ਕੋਸ਼ ਤੇ ਸਿੰਘਾਸਨ ਬਤੀਸੀ ੭੯—੮੦।



Digitized by Panjab Digital Library | www.panjabdigilib.org

੮. ਗੋਸ਼ਟਿ ਅਥਵਾ ਜਨਮਸਾਖੀ ਗੁਰੂ ਨਾਨਕ ਜੀ ਕੀ ੮੦-੮੫।

ਇਸ ਜਨਮ ਸਾਖੀ ਦਾ ਸਮਾਂ, ਤੇ ਸੋਢੀ ਹਰਿ ਜੀ ਦੀ ਗਵਾਹੀ ੮੦, ਗੁਰ-ਇਤਿਹਾਸ ਦੀ ਸੰਭਾਲ ਲਈ ਭਾਈ ਗੁਰਦਾਸ ਤੇ ਭਾਈ ਮਨੀ ਸਿੰਘ ਜੀ ਦੇ ਪ੍ਰਯਤਨ ੮੧, ਵੱਖੋ ਵੱਖ ਸਾਖੀਆਂ ਤੇ ਉਨ੍ਹਾਂ ਦੇ ਭੇਦ ੮੩, ਕੁੱਲ ਗੋਸ਼ਟਾਂ ਤੇ ਹਿੱਸੇ, ਬੋਲੀ ੮੪, ਕਥਾ-ਵਸਤੂ ਦੇ ਨੁਕਸ ੫।

੯. ਸੋਢੀ ਮਿਹਰਵਾਨ ਦੇ ਛੇਕੜਲੇ ਦਿਨ ੮੬—੯੫

ਸ਼ਬਦ-ਕੀਰਤਨ ੩੯, ਸੋਢੀ ਹਰਿ ਜੀ ਨੂੰ ਵਰ-ਦਾਨ, ਆਖ਼ਰੀ ਅੰਤਰ-ਵੇਦਨਾ ੯੪—੯੫।

Digitized by Panjab Digital Library | www.panjabdigilib.org

# ਮੁੱਢਲੀ ਜਾਣ-ਪਛਾਣ

੧.

ਇਹ ਛੋਟੀ ਜਿਹੀ ਪੁਸਤਕ,-ਜਿਸ ਦਾ ਨਾਮ 'ਸੋਢੀ ਮਿਹਰਵਾਨ ਦਾ ਜੀਵਨ ਤੇ ਸਾਹਿੱਤ' ਹੈ, ਅੱਜ ਤੋਂ ਸੱਤ ਕੁ ਸਾਲ ਪਹਿਲਾਂ ਖ਼ਾ: ਕਾਲਜ, ਅਮ੍ਰਿਤਸਰ ਵਲੋਂ ਛਪ ਰਹੀ ਪੁਸਤਕ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਕ੍ਰਿਤ ਸੋਢੀ ਮਿਹਰਵਾਨ (ਭਾਗ ਪਹਿਲਾ) ਦੀ ਭੂਮਿਕਾ ਵਜੋਂ ਲਿਖੀ ਗਈ ਸੀ। ਉਸ ਸਮੇਂ ਪ੍ਰਿੰਸੀਪਲ ਵਰਿਆਮ ਸਿੰਘ ਜੀ ਤੇ ਇਸ ਕਾਲਜ ਦੇ ਸਿੱਖ-ਇਤਿਹਾਸ ਸੰਬੰਧੀ ਖੋਜ-ਵਿਭਾਗ ਦੇ ਮੋਢੀ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਜੀ (ਅੱਜ ਕਲ ਪ੍ਰਸਿੱਧ ਨਾਮ ਡਾਕਟਰ ਕ੍ਰਿਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦੇ ਨਾਲ ਹੋਏ ਅਹਿਦਨਾਮੇ ਦੇ ਅਨੁਸਾਰ ਇਸ ਪੁਸਤਕ ਦਾ ਐਡੀਟਰ ਮੈਂ ਸੀ ਤੇ ਇਹ ਪੁਸਤਕ ਪ੍ਰਿੰਸੀਪਲ ਦੇ ਹੁਕਮ ਮੁਤਾਬਿਕ ਆਦਿ ਤੋਂ ਅੰਤ ਤਕ ਮੈਂ ਹੀ ਐਡਿਟ ਕਰ ਕੇ ਤਿਆਰ ਕੀਤੀ ਸੀ, ਪਰ ਪਿੱਛੋਂ ਪੁਸਤਕ ਛਪਣ ਸਮੇਂ ਅਹਿਦ ਸ਼ਿਕਨੀ



Digitized by Panjab Digital Library | www.panjabdigilib.org

ਹੋਣ ਦੇ ਕਾਰਣ ਪ੍ਰੋ: ਕ੍ਰਿਪਾਲ ਸਿੰਘ ਹੋਰੀਂ ਇਸ ਦੇ ਐਡੀਟਰ ਬਣ ਗਏ ਤੇ ਮੇਰਾ ਨਾਮ ਮੱਲੋ ਜੋਰੀ ਸਹਾਇਕ ਐਡੀਟਰ ਛਾਪਿਆ ਗਿਆ ਤਾਂ ਇਹ ਭੂਮਿਕਾ ਪ੍ਰੈਸ ਵਿਚ ਜਾਣ ਦੀ ਥਾਂ ਵੇਂ ਇਸ ਮਜਬੂਰੀ ਦੇ ਕਾਰਣ ਮੇਰੇ ਹੱਥਾਂ ਵਿਚ ਹੀ ਰਹਿ ਗਈ। ਇਸ ਤੋਂ ਪਿੱਛੋਂ ਇਹ ਭੂਮਿਕਾ ਇਕ ਲੰਬੇ ਸੁਤੰਤ੍ਰ ਲੇਖ ਦੀ ਸ਼ਕਲ ਵਿਚ ਸਿਲਸਿਲੇਵਾਰ ਛਾਪਣ ਦੀ ਵਿਚਾਰ ਵੀ ਇਕ ਪ੍ਰਸਿੱਧ ਪਤ੍ਰਕਾਰ ਦੇ ਨਾਲ ਹੋਈ, ਪਰ ਮੈਂ ਕਈ ਕਾਰਣਾਂ ਕਰ ਕੇ ਇਸਤਰ੍ਹਾਂ ਇਸ ਲੇਖ ਦੇ ਟੋਟੇ ਕਰਕੇ ਛਾਪਣੇ ਵਾਜਿਬ ਨਾ ਸਮਝੇ ਜਿਸ ਕਰਕੇ ਇਹ ਸਲਾਹ ਵੀ ਹਟਾ ਦਿੱਤੀ ਗਈ। ਛੇਕੜ ਭਾਈ ਫ਼ਕੀਰ ਸਿੰਘ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ ਵਲੋਂ ਉਤਸਾਹ ਮਿਲਣ ਤੇ ਉਹੋ ਮਜ਼ਮੂਨ ਹੁਣ ਇਸ ਪੁਸਤਕ ਦੀ ਸ਼ਕਲ ਵਿਚ ਪਾਠਕਾਂ ਦੇ ਸਾਮ੍ਹਣੇ ਪੇਸ਼ ਹੈ। ਇਸ ਵਿਚ ਸਮੇਂ ਦੇ ਮੁਤਾਬਿਕ ਲੋੜ ਪੈਣ ਤੇ ਕਿਤੇ ਕਿਤੇ ਕੁਝ ਨਾਮ ਮਾਤ੍ਰ ਅਦਲਾ ਬਦਲੀਆਂ ਵੀ ਕੀਤੀਆਂ ਗਈਆਂ ਹਨ, ਪਰ ਅਸਲੀਅਤ ਉਸੇਤਰ੍ਹਾਂ ਕਾਇਮ ਰੱਖੀ ਗਈ ਹੈ ਤਾਕਿ ਇਸ ਦੀ ਮੌਲਕਿਤਾ ਵਿਚ ਫ਼ਰਕ ਨਾ ਪਵੇ।

## ੨.

ਸੋਢੀ ਮਿਹਰਵਾਨ, ਜਿਸ ਦੇ ਨਾਂ ਤੇ ਵਿਸ਼ੇ-ਵਸਤੂ ਨੂੰ ਮੁੱਖ ਰੱਖ ਕੇ ਇਹ ਨਿਬੰਧ ਤਿਆਰ ਹੋਇਆ, ਪਰਮ ਪ੍ਰਸਿੱਧ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਦਾ ਪੋਤ੍ਰਾ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਭਤੀਜਾ ਤੇ ਪਾਲਿਤ ਪੁਤ੍ਰ ਅਤੇ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਜੇਠਾ ਪੁਤ੍ਰ ਸੀ। ਕਵੀ ਦੌਲਤ ਰਾਇ ਭੱਟ ਕਰਤਾਰਪੁਰ (ਜਾਲੰਧਰ) ਦੀ ਗੁਰੂ ਪ੍ਰਕਾਸ਼ ਬੰਸਾਵਲੀ (ਹੱਥ ਲਿਖਿਤ) ਦੇ ਅਨੁਸਾਰ ਸੋਢੀ ਪ੍ਰਿਥੀ ਚੰਦ ਦੇ ਚਾਰ ਪੁਤ੍ਰ ਸਨ :--(੧) ਮਨੋਹਰ ਦਾਸ ਉਰਫ਼ ਮਿਹਰਵਾਨ, (੨) ਲਾਲ ਚੰਦ, (੩) ਨਿਹਾਲ ਚੰਦ ਤੇ



Digitized by Panjab Digital Library | www.panjabdigilib.org

(੪) ਚੰਦ੍ ਸੈਨ । ਫੇਰ ਅੱਗੇ ਸੋਢੀ ਮਿਹਰਵਾਨ (ਮਨੋਹਰ ਦਾਸ) ਦੇ ਤਿੰਨ ਪੁਤ੍ਰ ਹੋਏ — (੧) ਕ੍ਰਿਸ਼ਨ ਮੱਲ ਅਥਵਾ ਕਰਨ ਮੱਲ, (੨) ਹਰਿ ਜੀ ਅਤੇ (੩) ਚਤੁਰ ਭੁਜ ਜਾਂ ਚਤੁਰ ਭੋਜ । ਇਨ੍ਹਾਂ ਵਿਚੋਂ ਕ੍ਰਿਸ਼ਨ ਮੱਲ ਅਥਵਾ ਕਰਨ ਮੱਲ ਦੇ ਖ਼ਾਨਦਾਨ ਵਿਚੋਂ ਬੁਤਾਲੇ, ਜੱਲੂ ਪੁਰ, ਖੈੜੇ ਸਾਹੂਵਾਲ, ਗੁੱਟਾ, ਵਾੜਾ, ਸੰਗਤ ਪੁਰਾ, ਘਰਾਚੋਂ, ਝੰਡੇ ਤੇ ਲਹੁਕਾ (ਤਰਨ ਤਾਰਨ) ਵਾਲੇ ਸੋਢੀ, ਸੋਢੀ ਹਰਿ ਜੀ ਦੇ ਖ਼ਾਨ-ਦਾਨ ਵਿੱਚੋਂ ਦੋ ਦੇ ਨਗਰ, ਬੁੱਟਰ, ਗੁਰੂ ਹਰਿ ਸਹਾਇ, ਕੋਠਾ ਗੁਰੂ (ਫੀਰੋਜ਼ ਪੁਰ) ਆਦਿ ਦੇ ਸੋਢੀ ਅਤੇ ਚਤੁਰ ਭੁਜ (ਭੋਜ) ਜੀ ਦੇ ਖ਼ਾਨਦਾਨ ਵਿਚੋਂ ਹਰਨ ਪੁਰੀਏ ਸੋਢੀ ਮਸ਼ਹੂਰ ਹਨ, ਜਿਨ੍ਹਾਂ ਦਾ ਹਾਲ ਰਈਸਾਨਿ ਪੰਜਾਬ (Punjab Chiefs) ਵਿਚ ਮਿਸਟਰ ਗ੍ਰਿਫ਼ਨ ਵਲੋਂ ਖ਼ਾਸ ਤੌਰ ਤੇ ਦਿੱਤਾ ਹੋਇਆ ਹੈ । ਇਹ ਹੱਥ ਲਿਖਿਤ ਬੰਸਾਵਲੀ ਰੂਪ ਇਤਿਹਾਸ ਉਸ ਸਮੇਂ, ਜਦੋਂ ਕਿ ਇਹ ਖਰੜਾ ਪ੍ਰੈਸ ਵਿਚ ਦਿੱਤਾ ਗਿਆ, ਹੱਥਾਂ ਵਿਚ ਨਾ ਹੋਣ ਕਰ ਕੇ ਅਚਾਣਕ ਇਸ ਵਿਚ ਕਈ ਉਕਾਈਆਂ ਹੋ ਗਈਆਂ ਹਨ, ਜਿਵੇਂ ਕਿ ਇਕ ਥਾਵੇਂ ਸੋਢੀ ਹਰਿ ਜੀ ਨੂੰ ਸੋਢੀ ਮਿਹਰਵਾਨ ਦੇ ਇਕਲੌਤੇ ਪੁਤ੍ਰ ਛਪ ਗਿਆ ਹੈ । ਸੋ ਇਹ ਜਾਂ ਅਜਿਹੀਆਂ ਹੋਰ ਗ਼ਲਤੀਆਂ ਜਿਥੇ ਕਿਤੇ ਵੀ ਹੋਣ, ਉਹ ਅਗਲੇ ਸੰਸਕਰਣ ਵਿਚ ਦਰੁਸਤ ਕੀਤੀਆਂ ਜਾਣਗੀਆਂ ।

## ੩.

ਸੋਢੀ ਮਿਹਰਵਾਨ ਤੇ ਉਨ੍ਹਾਂ ਦੇ ਵਿਚਕਾਰਲੇ ਪੁਤ੍ਰ ਸੋਢੀ ਹਰਿ ਜੀ, ਦੋਵੇਂ ਆਪਣੀਆਂ ਮਨੋਰੰਜਕ ਸਾਹਿੱਤਕ ਰਚਨਾਵਾਂ ਦੇ ਕਾਰਣ ਬੜੇ ਮਸ਼ਹੂਰ ਹਨ । ਇਹ ਦੋਵੇਂ ਪਿਉ-ਪੁਤ੍ਰ ਆਪਣੀਆਂ ਮਨੋਹਰ ਪਜਾਬੀ ਰਚਨਾਵਾਂ ਦੇ ਕਾਰਣ ਉੱਚ ਦਰਜੇ ਦੇ ਕਵੀ, ਗੁਰਬਾਣੀ ਦੇ ਪਹਿਲੇ ਤੇ ਅਣੋਖੇ ਟੀਕਾਕਾਰ, ਸਭ ਤੋਂ ਪਹਿਲੇ ਪੰਜਾਬੀ ਬੋਲੀ ਦੇ ਕੋਸ਼ਕਾਰ,



Digitized by Panjab Digital Library | www.panjabdigilib.org

ਅਤਿ ਚੰਗੇ ਪੁਰਾਣਿਕ ਖੋਜੀ, ਸੰਪ੍ਰਦਾਈ ਪ੍ਰਚਾਰਕ ਤੇ ਅਨੂਪਮ ਚਿੰਤਕ ਮੰਨੇ ਜਾਂਦੇ ਹਨ, ਜਿਸ ਦੀ ਝਲਕ ਸਾਫ਼ ਤੇ ਸਪੱਸ਼ਟ ਰੂਪ ਵਿਚ ਇਨ੍ਹਾਂ ਦੋਹਾਂ ਦੀਆਂ ਵੱਖੋ ਵੱਖ ਸਾਹਿੱਤਕ ਰਚਨਾਵਾਂ ਵਿਚੋਂ ਪੈਂਦੀ ਹੈ। ਇਨ੍ਹਾਂ ਦੀਆਂ ਮਨੋਹਰ ਰਚਨਾਵਾਂ ਚੂੰਕਿ ਅਜੇ ਤਕ ਕਿਤੇ ਛਪੀਆਂ ਨਹੀਂ ਹਨ, ਇਸ ਲਈ ਮੈਂ ਇਨ੍ਹਾਂ ਬਾਰੇ ਆਪਣੀ ਨਿੱਜੀ ਲਾਇਬ੍ਰੇਰੀ ਤੋਂ ਅਲਾਵਾ ਪੰਜਾਬ ਰਾਜ ਪੁਰਾਤਤ੍ਵ ਵਿਭਾਗ, ਭਾਸ਼ਾ ਵਿਭਾਗ ਤੇ ਮੋਤੀ ਬਾਗ਼ ਰਾਜ-ਭਵਨ ਪੁਸਤਕਾਲਯ ਪਟਿਆਲਾ, ਪੰਜਾਬੀ ਸਾਹਿੱਤ ਅਕਾਡਮੀ ਪੁਸਤਕਾਲਯ ਲੁੱਦਿਹਾਣਾ, ਖ਼ਾਲਸਾ ਕਾਲਜ ਅਮ੍ਰਿਤਸਰ, ਸਿੱਖ ਰੈਫ੍ਰੈਂਸ ਲਾਇਬ੍ਰੇਰੀ ਅਮ੍ਰਿਤਸਰ ਆਦਿ ਵਿੱਚੋਂ ਯਥਾਯੋਗ ਸਹਾਇਤਾ ਲਈ ਹੈ ਤੇ ਸੋਢੀ ਮਿਹਰਵਾਨ ਜੀ ਬਾਰੇ ਇਸ ਖੋਜ ਨੂੰ ਸਿਰੇ ਪਹੁੰਚਾਣ ਦਾ ਜਤਨ ਕੀਤਾ ਹੈ, ਪਰ ਫੇਰ ਵੀ ਬਹੁਤ ਸਾਰਾ ਹੱਥ-ਲਿਖਿਤ ਪੁਸਤਕਾਂ ਦਾ ਸੰਗ੍ਰਹਿ ਅਜੇ ਹੋਰ ਖੋਜ ਦਾ ਮੁਹਤਾਜ ਹੋਣ ਕਰ ਕੇ ਇਹ ਟੋਲ-ਭਾਲ ਕਦੋਂ ਸਿਰੇ ਚੜ੍ਹ ਸਕੇਗੀ, ਹਾਲੇ ਇਸ ਬਾਰੇ ਨਿਸ਼ਚਿਤ ਤੌਰ ਤੇ ਕੁਝ ਕਹਿਣਾ ਬੜੀ ਮੁਸ਼ਕਿਲ ਜਿਹੀ ਗੱਲ ਹੈ।

## ੪.

ਮਹਲਾ ੧ ਤੇ ੭ ਸਿਰਲੇਖ ਹੇਠ ਸੋਢੀ ਮਨੋਹਰ ਦਾਸ ਉਰਫ਼ ਮਿਹਰਵਾਨ ਦੀ ਕਾਵ੍ਯ-ਰਚਨਾ ਤੇ ਮਹਲਾ ੮ ਦੇ ਅਧੀਨ ਸੋਢੀ ਹਰਿ ਜੀ ਦੀ ਕਾਵ੍ਯ-ਰਚਨਾ, ਜੋ ਗਿਣਤੀ ਵਿਚ ਬਹੁਤ ਜ਼ਿਆਦਾ ਹੈ, ਅੰਤ ਵਿਚ ਕਵਿ-ਛਾਪ 'ਨਾਨਕ', 'ਨਾਨਕ ਦਾਸ' ਜਾਂ 'ਨਾਨਕ ਜਨ' ਹੋਣ ਕਰ ਕੇ ਨਾ ਕੇਵਲ ਅਜੋਕੇ ਸਮੇਂ ਵਿਚ ਹੀ, ਸਗੋਂ ਪੁਰਾਤਨ ਕਾਲ ਤੋਂ ਅਣਜਾਣ ਪਾਠਕਾਂ ਤੇ ਸ੍ਰੋਤਿਆਂ ਨੂੰ 'ਗੁਰੁ ਨਾਨਕ-ਬਾਣੀ' ਹੋਣ ਦਾ ਭੁਲੇਖਾ ਪਾਉਂਦੀ ਰਹੀ ਹੈ। ਇਸੇ ਕਾਰਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਜਿਵੇਂ ਕਿ ਬੰਸਾਵਲੀ ਨਾਮਾ (ਕੇਸਰ ਸਿੰਘ, ਛਿੱਬਰ), ਗੁਰੁ



Digitized by Panjab Digital Library | www.panjabdigilib.org

ਪ੍ਰਤਾਪ ਸੂਰਜ (ਸੰਤੋਖ ਸਿੰਘ) ਆਦਿ ਪੁਸਤਕਾਂ ਤੋਂ ਸੰਕੇਤ ਮਾਤ੍ਰ ਪਤਾ ਲਗਦਾ ਹੈ, ਗੁਰੁ-ਬਾਣੀ ਨੂੰ ਪ੍ਰਿਥੀ ਚੰਦ ਤੇ ਉਸ ਦੇ ਪੁਤ੍ਰ ਮਨੋਹਰ ਦਾਸ (ਮਿਹਰਵਾਨ) ਦੀ ਦਸਤ-ਬੁਰਦ ਤੋਂ ਬਚਾਉਣ ਲਈ ਹੀ ਭਾਈ ਗੁਰਦਾਸ ਦੇ ਹੱਥੀਂ 'ਸ੍ਰੀ ਆਦਿ ਗ੍ਰੰਥ ਜੀ' ਦੀ ਬੀੜ ਤਿਆਰ ਕਰ-ਵਾਈ ਸੀ, ਤਾਕਿ ਅਕਾਲੀ ਬਾਣੀ ਦੇ ਅਧੀਨ ਗੁਰਮਤਿ ਦਾ ਪ੍ਰਚਾਰ ਹਮੇਸ਼ਾ ਅਛੂਹ ਤੇ ਅਖੰਡ ਰੂਪ ਵਿਚ ਚਲਦਾ ਰਹੇ।

ਇਸ ਇਹਤਿਆਤ ਦੇ ਬਾਵਜੂਦ ਵੀ ਕਿਤਨੇ ਹੀ ਨੁਕਤਾਚੀਨ ਤੇ ਸ਼ੱਕੀਆ ਸੁਭਾਉ ਦੇ ਵਿਅਕਤੀ, ਜੋ ਸੋਢੀ ਮਿਹਰਵਾਨ, ਸੋਢੀ ਹਰਿ ਜੀ ਜਾਂ ਉਨ੍ਹਾਂ ਦੇ ਅਨੁਯਾਈਆਂ ਵਲੋਂ ਗੁਰਬਾਣੀ ਦੀ ਰੀਸੋ ਰੀਸ ਤਿਆਰ ਕੀਤੀ ਕੱਚੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ, ਸ਼੍ਰੀ ਗੁਰੂ ਅਰਜਨ ਦੇਵ ਦੀਆਂ ਨਜ਼ਰਾਂ ਤੋਂ ਉਹਲੇ ਰਹੀ ਵਾਧੂ ਬਾਣੀ ਕਹਿ ਕੇ ਗੁਰਬਾਣੀ ਦਾ ਦਰਜਾ ਹੀ ਦਿੰਦੇ ਆ ਰਹੇ ਹਨ, ਜਿਵੇਂ ਕਿ ਸ਼੍ਰੀ ਜੀ. ਬੀ. ਸਿੰਘ ਦੀਆਂ ਪ੍ਰਾਚੀਨ ਬੀੜਾਂ (੧੯੪੪) ਵਿੱਚੋਂ ਕੁਝ ਕੁ ਪ੍ਰਮਾਣ ਮਿਲਦੇ ਹਨ। ਸ਼ਾਇਦ ਇਸੇ ਕਾਰਣ ਪੱਛਮੀ ਪੰਜਾਬ (ਪਾਕਿਸਤਾਨ) ਦੇ ਪੰਜਾਬੀ ਲੇਖਕ ਗਿਆਨੀ ਅਬਾਦੁੱਲਾ ਨੂੰ ਕਿਸੇ ਪੁਰਾਤਨ ਬੀੜ ਵਿੱਚੋਂ ਸੋਢੀ ਮਿਹਰਵਾਨ ਤੇ ਹਰਿ ਜੀ ਦੀ ਬਾਣੀ ਮਹਲਾ ੭ ਤੇ ੮ ਹੇਠ ਲਿਖੀ ਹੋਈ ਪੜ੍ਹ ਕੇ ਇਹੋ ਭੁਲੇਖਾ ਪਿਆ ਹੈ, ਜਿਵੇਂ ਕਿ ਉਹ ਲਿਖਦੇ ਹਨ :—

"ਗੁਰੂ ਅਰਜਨ ਦੇਵ ਜੀ ਕੈ ਬਾਦ ਹੋਨੇ ਵਾਲੇ ਛਟੇ ਸਾਤਵੇਂ ਔਰ ਆਠਵੇਂ ਗੁਰੂ ਸਾਹਿਬਾਨ ਸੇ ਮੁਤਅੱਲਿਕ਼ ਯਹ ਬਿਆਨ ਕੀਆ ਜਾਤਾ ਹੈ ਕਿ ਉਨ੍ਹੋਂ ਨੇ ਕੋਈ ਬਾਨੀ ਬਿਆਨ ਨਹੀਂ ਕੀ, ਮਗਰ ਗੁਰੂ ਗ੍ਰੰਥ ਸਾਹਿਬ ਕੇ ਬਾਜ਼ ਕ਼ਦੀਮੀ ਔਰ ਕ਼ਲਮੀ ਨੁਸਖ਼ੇ ਐਸੇ ਭੀ ਹੈਂ ਜਿਨ ਮੇਂ ਇਨ ਤੀਨੋਂ ਗੁਰੂ ਸਾਹਿਬਾਨ ਕੇ ਨਾਮ ਪਰ ਭੀ ਕੁਛ ਬਾਨੀਆਂ ਦਰਜ ਹੈਂ। ਮੁਰੱਵਜਾ ਗੁਰੂ ਗ੍ਰੰਥ ਸਾਹਿਬ ਮੇਂ ਇਨ ਕੇ ਨਾਮ ਕਾ ਕੋਈ ਸ਼ਬਦ ਯਾ ਸ਼ਲੋਕ ਨਹੀਂ ਹੈ ਔਰ ਜੋ ਸ਼ਬਦ ਯਾ ਸ਼ਲੋਕ ਇਨ



Digitized by Panjab Digital Library | www.panjabdigilib.org

ਕੇ ਬਿਆਨ ਕਰਦਹ ਬਾਜ਼ ਪੁਰਾਨੇ ਕ਼ਲਮੀ ਨੁਸਖ਼ੋਂ ਮੇਂ ਮਿਲਤੇ ਹੈਂ ਉਨ ਕਾ ਰੰਗ ਢੰਗ ਸਿੱਖ ਗੁਰੂ ਸਾਹਿਬਾਨ ਕੇ ਬਿਆਨ ਕਰਦਹ ਕਲਾਮ ਸਾ ਹੈ ਔਰ ਇਨ ਮੇਂ ਭੀ ਦੂਸਰੇ ਸਿੱਖ ਗੁਰੂ ਸਾਹਿਬਾਨ ਕੀ ਤਰਹ 'ਨਾਨਕ' ਲਫ਼ਜ਼ ਬਤੌਰ ਤਖ਼ੱਲੁਸ ਕੇ ਇਸਤੈਮਾਲ ਕੀਆ ਗਿਆ ਹੈ।"

(ਦੇਖੋ, ਗੁਰੂ ਗ੍ਰੰਥ ਸਾਹਿਬ ਔਰ ਉਰਦੂ, ਸਫ਼ਾ ੧੨)

ਦਰ ਅਸਲ ਗਿਆਨੀ ਹੋਰਾਂ ਦਾ ਇਹ ਕਥਨ ਠੀਕ ਨਹੀਂ ਹੈ, ਕਿਉਂਕਿ ਮਹਲਾ ੭ ਤੇ ੮ ਦੇ ਸਿਰਲੇਖ ਹੇਠ ਸੋਢੀ ਮਿਹਰਵਾਨ ਤੇ ਹਰਿ ਜੀ ਦੀ ਬਾਣੀ ਭਾਸ਼ਾ ਵਿਭਾਗ ਪਟਿਆਲਾ ਆਦਿ ਦੀਆਂ ਕਈ ਲਾਇਬ੍ਰੇਰੀਆਂ ਵਿਚ ਮੌਜੂਦ ਹੈ ਤੇ ਹੋਰ ਗੱਦ-ਰਚਨਾਵਾਂ ਵੀ ਮੌਜੂਦ ਹਨ, ਫਿਰ ਅਜਿਹੀਆਂ ਵਾਧੂ ਬਾਣੀਆਂ ਜਾਂ ਕਾਵ੍ਯ-ਰਚਨਾਵਾਂ ਛੇਵੇਂ ਗੁਰੂ ਹਰਿ ਗੋਬਿੰਦ, ਸੱਤਵੇਂ ਗੁਰੂ ਹਰਿ ਰਾਇ ਤੇ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਦੀਆਂ ਕਿਵੇਂ ਮੰਨੀਆਂ ਜਾ ਸਕਦੀਆਂ ਹਨ, ਕਦਾਚਿਤ ਨਹੀਂ।

ਪ.

ਏਥੇ ਹੀ ਵਸ ਨਹੀਂ, ਜਿਵੇਂ ਕਿ ਸਿੱਖ-ਇਤਿਹਾਸ ਵਿੱਚੋਂ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ, ਗੁਰੂ ਸਾਹਿਬਾਨ ਤੋਂ ਗੁਰਿਆਈ ਖੋਹਣ ਲਈ ਭਾਵੇਂ ਬੜੇ ਜਤਨ ਤਾਂ ਵੇਦੀ, ਤ੍ਰੇਹਣ ਤੇ ਭੱਲੇ ਸਾਹਿਬ-ਜ਼ਾਦਿਆਂ ਵਲੋਂ ਵੀ ਕ੍ਰਮ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ, ਸ੍ਰੀ ਗੁਰੂ ਅਮਰ ਦਾਸ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਕਈ ਵੇਰ ਹੁੰਦੇ ਰਹੇ, ਪਰ ਸੋਢੀ ਸਾਹਿਬਜ਼ਾਦਿਆਂ ਨੇ ਤਾਂ ਇਸ ਬਾਰੇ ਹੱਦ ਹੀ ਮੁਕਾ ਛੱਡੀ ਤੇ ਉਹ ਕੇੜ੍ਹਾ ਜਤਨ ਸੀ, ਜੋ ਸੋਢੀ ਪ੍ਰਿਥੀ ਚੰਦ, ਮਿਹਰਵਾਨ ਆਦਿ ਨੇ ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਹਰਿ ਗੋਬਿੰਦ ਆਦਿ



Digitized by Panjab Digital Library | www.panjabdigilib.org

ਤੋਂ ਗੁਰੂ-ਗੱਦੀ ਖੋਹਣ ਲਈ ਨਹੀਂ ਕੀਤਾ। ਕਾਨੂੰਨੀ ਜਤਨਾਂ ਦੇ ਨਾਲ ਹੀ, ਜਿਵੇਂ ਕਿ ਅੱਗੇ ਚੱਲ ਕੇ ਇਸ ਪੁਸਤਕ ਵਿਚ ਦੱਸਿਆ ਗਿਆ ਹੈ, ਗੁਰੂ ਨਾਨਕ ਦੀ ਮੋਹਰ-ਛਾਪ ਹੇਠ ਬੇਹੱਦ ਨਕਲੀ ਬਾਣੀ ਰਚਣ ਦੀ ਵੀ ਕੋਈ ਕਸਰ ਬਾਕੀ ਛੱਡੀ। ਏਥੋਂ ਤਕ ਕਿ ਪ੍ਰਿਥੀ ਚੰਦ ਤੇ ਮਿਹਰਵਾਨ ਦੀ ਸੰਪ੍ਰਦਾਇ ਨੇ ਗੁਰਬਾਣੀ ਦੇ ਮੁਕਾਬਲੇ ਤੇ ਜਪੁ, ਬਾਵਨ ਅੱਖਰੀ, ਸੁਖਮਨੀ ਤੇ ਹੋਰ ਸ਼ਬਦ-ਸ਼ਲੋਕ ਆਦਿ ਨਕਲੀ ਬਾਣੀ, ਵਾਰਾਂ ਦੇ ਮੁਕਾਬਲੇ ਤੇ ਆਸਾ ਦੀ ਵਾਰ, ਤਿਲੰਗ ਦੀ ਵਾਰ ਆਦਿ ਨਕਲੀ ਵਾਰਾਂ, ਸ਼੍ਰੀ ਦਰਬਾਰ ਹਰਿਮੰਦਿਰ ਸਾਹਿਬ ਅਮ੍ਰਿਤਸਰ ਦੇ ਮੁਕਾਬਲੇ ਤੇ ਪਿੰਡ ਹੇਹਰ (ਲਾਹੌਰ) ਦਾ 'ਸਚਖੰਡ ਦਰਬਾਰ' ਤੇ ਦਸਤਾਵੇਜ਼ਾਂ ਜਾਂ ਹੁਕਮਨਾਮਿਆਂ ਦੇ ਮੁਕਾਬਲੇ ਤੇ ਨਕਲੀ ਦਸਤਾਵੇਜ਼ਾਂ ਤੇ ਹੁਕਮਨਾਮੇ ਆਦਿ, ਗੱਲ ਕੀ ਜੋ ਕੁਝ ਉਹ ਮੁਗ਼ਲ ਹਾਕਿਮਾਂ ਨਾਲ ਮਿਲ ਕੇ ਕਰ ਸਕਦੇ ਸੀ ਉਹੋ ਕੁਝ ਉਨ੍ਹਾਂ ਨੇ ਕੀਤਾ ਅਤੇ ਬਾਈ ਨਕਲੀ ਗੁਰੂ-ਗੱਦੀਆਂ ਵੀ ਬਣਾਈਆਂ, ਜਿਵੇਂ ਕਿ ਸੰਮਤ ੧੭੨੧ ਬਿ: ਵਿਚ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਬਾਬੇ ਬਕਾਲੇ ਦੇ ਸਥਾਨ ਪਰ ਗੁਰ-ਗੱਦੀ ਬੈਠਣ ਸਮੇਂ ਮੁਕਾਬਲਾ ਹੋਇਆ ਸੀ, ਪਰ ਸਤਿਗੁਰੂ ਦੇ ਸਿਦਕੀ ਸਿੱਖ ਉਨ੍ਹਾਂ ਦੀ ਇਸ ਚਾਲ ਵਿਚ ਨਾ ਆਏ ਤੇ ਛੇਕੜ ਸੱਚ ਦਾ ਬੋਲ ਬਾਲਾ ਹੋ ਕੇ ਹੀ ਰਿਹਾ।

## ੬.

'ਸੋਢੀ ਮਿਹਰਵਾਨ ਦਾ ਜੀਵਨ ਤੇ ਸਾਹਿੱਤ' ਨਾਮੀ ਇਸ ਪੁਸਤਕ ਤੋਂ ਇਤਿਹਾਸਿਕ ਖੋਜ ਸੰਬੰਧੀ ਇਹੋ ਪੱਖ ਪਾਠਕਾਂ ਦੇ ਸਾਮ੍ਹਣੇ ਪ੍ਰਤੱਖ ਕਰਨ ਦਾ ਜਤਨ ਕੀਤਾ ਗਿਆ ਹੈ, ਜਿਸ ਨੂੰ ਗੰਭੀਰ ਵਿਚਾਰ ਸਹਿਤ ਤੱਕਣਾ ਗੁਰਮਤਿ ਪ੍ਰੇਮੀ ਸੱਜਨਾਂ ਦਾ ਆਪਣਾ ਕਰਤੱਬ ਹੈ। ਗੁਰ-ਮੁਖ ਤੇ ਮਨਮੁਖ, ਹੰਸ ਤੇ ਬਗਲੇ ਦੇਖਣ ਨੂੰ ਤਾਂ ਇਕੋ ਜੇਹੀ ਸ਼ਕਲ ਦੇ



Digitized by Panjab Digital Library | www.panjabdigilib.org

ਜਾਪਦੇ ਹਨ, ਪਰ ਸੁਭਾਉ ਉਨ੍ਹਾਂ ਦੇ ਕਦੇ ਆਪਸ ਵਿਚ ਨਹੀਂ ਮਿਲਦੇ। ਗੁਰਮੁਖ ਜਨ ਜਿਸ ਤਰ੍ਹਾਂ ਗੁਣ-ਗ੍ਰਾਹਕ ਹੋ ਕੇ ਨਾਮ-ਬਾਣੀ ਦਾ ਸੱਚਾ ਸੌਦਾ ਵਿਹਾਝਦੇ ਹਨ ਉਸੇ ਤਰ੍ਹਾਂ ਹੰਸਾਂ ਦਾ ਕੰਮ ਹੁੰਦਾ ਹੈ ਖੀਰ-ਨੀਰ ਨੂੰ ਵੱਖੋ ਵੱਖ ਕਰ ਕੇ ਤਤ੍ਵ ਵਸਤੁ (ਖੀਰ) ਨੂੰ ਗ੍ਰਹਣ ਕਰਨਾ ਤੇ ਨੀਰ (ਪਾਣੀ) ਦਾ ਤਿਆਗ ਕਰਨਾ। ਗੁਰਬਾਣੀ ਦੇ ਮੁਕਾਬਲੇ ਤੇ ਕੱਚੀ ਬਾਣੀ ਵੀ, ਚਾਹੇ ਉਹ ਸੋਢੀ ਮਿਹਰਵਾਨ ਦੀ ਹੋਵੇ ਜਾਂ ਕਿਸੇ ਹੋਰ ਸੰਤ-ਭਗਤ ਦੀ, ਪਾਰਖੂ ਹੰਸ ਰੂਪ ਵਿਦ੍ਵਾਨਾਂ ਦੀ ਨਜ਼ਰ ਵਿਚ ਇੱਕੋ ਦਰਜਾ ਰਖਦੀ ਹੈ। ਇਹ ਪੁਸਤਕ ਇਸੇ ਭਾਵ ਨੂੰ ਲੈ ਕੇ ਪ੍ਰੈਸ ਵਿਚ ਦੇਣ ਦਾ ਜਤਨ ਕੀਤਾ ਗਿਆ ਹੈ। ਆਸ ਹੈ, ਪਾਰਖੂ ਸੱਜਨ ਇਸ ਦੀ ਖੋਜ ਨੂੰ ਨੀਝ ਨਾਲ ਤੱਕਣਗੇ ਤੇ ਇਸ ਸੰਬੰਧ ਵਿਚ ਰਾਇ ਦੇ ਕੇ ਲੇਖਕ ਦੀ ਹੌਸਲਾ ਅਫ਼ਜ਼ਾਈ ਅਵੱਸ਼ ਕਰਨਗੇ। ਛਪਾਈ ਦੀ ਉਕਾਈ ਜੇ ਕੋਈ ਇਸ ਵਿਚ ਰਹਿ ਗਈ ਹੋਵੇ ਤਾਂ ਉਹ ਇਤਲਾਹ ਮਿਲਣ ਤੇ ਅਗਲੇ ਸੰਸਕਰਣ ਵਿਚ ਦਰੁਸਤ ਕਰਨ ਦਾ ਜਤਨ ਕੀਤਾ ਜਾਵੇਗਾ।

ਸ੍ਰੀ ਅਮ੍ਰਿਤਸਰ
੧੪ ਅਗਸਤ, ੧੯੬੮ }

ਸ਼ਮਸ਼ੇਰ ਸਿੰਘ ਅਸ਼ੋਕ



Digitized by Panjab Digital Library | www.panjabdigilib.org

# ਸੋਢੀ ਮਿਹਰਵਾਨ : ਜੀਵਨ ਤੇ ਰਚਨਾ

## ੧. ਪ੍ਰਾਰੰਭਕ ਇਤਿਹਾਸ

ਸੋਢੀ ਮਿਹਰਵਾਨ, ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਗੋਸ਼ਟਾਂ ਦੇ ਰੂਪ ਵਿਚ ਤਿਆਰ ਕੀਤੀ, ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਭਤੀਜਾ ਤੇ ਉਨ੍ਹਾਂ ਦੇ ਵੱਡੇ ਭਰਾ ਸੋਢੀ ਪ੍ਰਿਥੀ ਚੰਦ ਉਰਫ਼ ਪ੍ਰਿਥੀਏ ਦਾ ਵੱਡਾ ਪੁਤ੍ਰ ਸੀ। ਸੋਢੀ ਮਿਹਰਵਾਨ ਦਾ ਸਮਾਂ ਸੰਮਤ ੧੬੩੮ (ਸੰਨ ੧੫੮੧ ਈ:) ਤੋਂ ਸੰਮਤ ੧੬੯੬ ਬਿ: (ਸੰਨ ੧੬੩੯ ਈ:) ਤਕ ਹੈ। ਇਸ ਹਿਸਾਬ ਨਾਲ ਸੋਢੀ ਮਿਹਰਵਾਨ ਦੀ ਕੁੱਲ ਉਮਰ ਮਸਾਂ ੫੮ ਕੁ ਸਾਲਾਂ ਦੀ ਹੀ ਬਣਦੀ ਹੈ। ਇਸ ਅਧੇੜ ਜਿਹੀ ਉਮਰ ਵਿਚ ਉਸ ਨੇ ਨਾ ਕੇਵਲ ਇਕੋ ਜਨਮ ਸਾਖੀ ਗੁਰੂ ਨਾਨਕ ਹੀ ਲਿਖੀ, ਸਗੋਂ ਹੋਰ ਵੀ ਦੋ ਦਰਜਨ ਦੇ ਕਰੀਬ ਪੁਸਤਕਾਂ, ਜਿਨ੍ਹਾਂ ਦਾ ਵੇਰਵਾ ਅੱਗੇ ਚੱਲ ਕੇ ਦਿੱਤਾ ਜਾਵੇਗਾ, ਤਿਆਰ ਕੀਤੀਆਂ ਤੇ ਇਸ ਤਰ੍ਹਾਂ

ਮੁੱਖ ਸ਼ਬਦ



Digitized by Panjab Digital Library | www.panjabdigilib.org

ਉਹ ਆਪਣੇ ਸਮੇਂ ਦਾ ਇਕ ਵੱਡਾ ਭਾਰੀ ਲੇਖਕ ਬਣ ਗਇਆ। ਉਸ ਨੇ ਪੰਜਾਬੀ ਗੱਦ ਵਿਚ ਵੀ ਬਹੁਤ ਸਾਰੀ ਗ੍ਰੰਥ-ਰਚਨਾ ਕੀਤੀ ਤੇ ਪਦ੍ਯ (ਕਵਿਤਾ) ਵਿਚ ਵੀ ਬਾਣੀ ਦਾ ਰੂਪ ਦੇ ਕੇ (ਸਿੱਖ ਗੁਰੂਆਂ ਦੀ ਰੀਸੋ ਰੀਸ) ਬਹੁਤ ਸਾਰਾ ਸਾਹਿੱਤ ਲਿਖਿਆ, ਇਸ ਲਈ ਉਸ ਦੇ ਜੀਵਨ-ਸਮਾਚਾਰ ਪੰਜਾਬੀ ਪਾਠਕਾਂ ਲਈ ਕਿਤਨੇ ਜ਼ਰੂਰੀ ਹਨ, ਇਸੇ ਵਿਚਾਰ ਨੂੰ ਮੁਖ ਰੱਖ ਕੇ ਮੈਂ ਏਥੇ ਉਸ ਦਾ ਸੰਖੇਪ ਇਤਿਹਾਸ, ਜਿਤਨਾ ਕਿ ਪੁਰਾਤਨ ਹੱਥ ਲਿਖਿਤ ਜਾਂ ਪ੍ਰਕਾਸ਼ਿਤ ਪੁਸਤਕਾਂ ਦੇ ਆਧਾਰ ਤੇ ਮਿਲ ਸਕਿਆ,ਪੇਸ਼ ਕਰਨਾ ਅਤਿ ਜ਼ਰੂਰੀ ਸਮਝਦਾ ਹਾਂ।

**ਸੋਢ-ਵੰਸ਼**

ਸੋਢੀ ਖ਼ਾਨਦਾਨ, ਜਿਸ ਵਿਚ ਮਿਹਰਵਾਨ ਜੀ ਦਾ ਜਨਮ ਹੋਇਆ, ਪਰੰਪਰਾਗਤ ਪੁਰਾਣਕ ਕਥਾ-ਸਾਹਿੱਤ ਦੇ ਅਨੁਸਾਰ ਸ੍ਰੀ ਰਾਮ ਚੰਦ੍ਰ ਜੀ ਦੇ ਵੱਡੇ ਪੁਤ੍ਰ ਲਵ ਨਾਲ ਸੰਬੰਧ ਰਖਦਾ ਹੈ, ਜਿਵੇਂ ਕਿ ਬਚਿਤ੍ਰ ਨਾਟਕ (ਦਸ਼ਮ ਗ੍ਰੰਥ) ਪਾਤਸ਼ਾਹੀ ੧੦ ਵਿਚ ਲਿਖਿਆ ਹੈ:—

ਸੀਅ[1] ਸੁਤ ਬਹੁਰ ਭਏ ਦੋਊ ਰਾਜਾ।
ਰਾਜ-ਪਾਟ ਉਨ ਹੀ ਕੋ ਛਾਜਾ।
ਮਦ੍ਰ ਦੇਸ ਏਸ੍ਵਰਜਾ[2] ਬਰੀ ਜਬ।
ਭਾਂਤਿ ਭਾਂਤਿ ਕੇ ਜਗ ਕੀਏ ਤਬ॥ ੨੩॥
ਤਿਹੀ ਤਿਨੈ ਬਾਂਧੇ ਦੁਇ ਪੁਰਵਾ[3]।
ਏਕ ਕਸੂਰ ਦੁਤੀਯ ਲਹੁਰਵਾ[4]।
ਅਧਿਕ ਪੁਰੀ ਤੇ ਦੋਊ ਬਿਰਾਜੀ।

---

[1]ਸੀਤਾ (ਸ੍ਰੀ ਰਾਮ ਚੰਦ੍ਰ ਜੀ ਦੀ ਪਤਨੀ)। [2]ਮਦ੍ਰ ਦੇਸ਼ (ਮਾਝਾ-ਪੰਜਾਬ) ਦੇ ਏਸ਼੍ਵਰਜਾ—ਈਸ਼੍ਵਰ, ਸ੍ਵਾਮੀ ਅਥਵਾ ਰਾਜੇ ਦੀ ਜਾ (ਜਾਈ—ਧੀ)। [3]ਨਗਰ। [4]ਕਸੂਰ ਤੇ ਲਾਹੌਰ (ਲਵ ਪੁਰ)। ਕਵਿ ਕਲ੍ਹਣ ਕਸ਼ਮੀਰੀ ਦੇ ਕਥਨ ਅਨੁਸਾਰ ਲਵ ਤੇ ਕੁਸ਼ ਦੋਵੇਂ ਕਸ਼ਮੀਰ ਦੇ ਰਾਜੇ ਸਨ।

(ਦੇਖੋ, ਰਾਜ ਤਰੰਗਿਣੀ, ਅੱਠਵਾਂ ਤਰੰਗ)



Digitized by Panjab Digital Library | www.panjabdigilib.org

ਨਿਰਖ ਲੋਕ ਅਮਰਾਵਤਿ [1]ਲਾਜੀ ॥ ੨੪ ॥
ਬਹੁਤ ਕਾਲ ਤਿਨ ਰਾਜ ਕਮਾਯੋ ।
ਕਾਲ ਜਾਲ ਤੇ ਅੰਤ ਫਸਾਯੋ ।
ਤਿਨ ਕੇ ਪੁਤ੍ਰ ਪੌਤ੍ਰ ਜੇ ਭਏ ।
ਰਾਜ ਕਰਤ ਇਹ ਜਗ ਕੋ ਗਏ ॥ ੨੫ ॥......
ਜੌ ਅਬ ਤੌ ਕ੍ਰਿਪਾ ਬਲ ਪਾਊਂ ।
ਨਾਮ ਜਥਾਮਤਿ ਭਾਖ ਸੁਨਾਊਂ ।
ਕਾਲ ਕੇਤੁ ਅਰੁ ਕਾਲ ਰਾਇ ਭਨ ।
ਤਿਨ ਤੇ ਪੁਤ੍ਰ ਭਏ ਘਰ ਅਨਗਨ ॥ ੨੭ ॥
ਕਾਲ ਕੇਤੁ ਭਯੋ ਬਲੀ ਅਪਾਰਾ ।
ਕਾਲ ਰਾਇ ਜਿਨ ਨਗਰ ਨਿਕਾਰਾ ।
ਭਾਜ ਸਨੌਢ[2] ਦੇਸ ਤੇ ਗਏ ।
ਤਹੀਂ ਭੂਪਜਾ ਵਜਾਹਤ ਭਏ ॥ ੨੮ ॥
ਤਿਹ ਤੇ ਪੁਤ੍ਰ ਭਯੋ ਜੋ ਧਾਮਾ ।
ਸੋਢੀ ਰਾਇ ਧਰਾ ਤਿਨ ਨਾਮਾ ।
ਬੰਸ ਸਨੌਢ ਤਾ ਦਿਨ ਤੇ ਥੀਆ ।
ਪਰਮ ਪਵਿਤ੍ਰ ਪੁਰਖ ਜੋ ਕੀਆ ॥ ੨੯ ॥
ਤਾ ਤੇ ਪੁਤ੍ਰ ਪੌਤ੍ਰ ਹੁਇ ਆਏ ।
ਤੇ ਸੋਢੀ ਸਭ ਜਗਤ ਕਹਾਏ ।
ਜਗ ਮੈ ਅਧਿਕ ਸੁ ਭਏ ਪ੍ਰਸਿੱਧਾ ।
ਦਿਨ ਦਿਨ ਤਿਨ ਕੇ ਧਨ ਕੀ ਬ੍ਰਿੱਧਾ ॥ ੩੦ ॥

(ਬਚਿਤ੍ਰ ਨਾਟਕ, ਅਧਿਆਇ ਦੂਜਾ)

---

[1]ਲੰਕਾ ਤੇ ਦੇਵਤਿਆਂ (ਅਮਰਾਂ) ਦੀ ਪੁਰੀ—ਇੰਦ੍ਰ ਪੁਰੀ (ਸੁਰਗ ਧਾਮ)।

[2]ਸਨੌਢਾ ਨਾਮੀ ਬ੍ਰਾਹਮਣੀ ਦੇ ਪੇਟੋਂ ਜਨਮੇਜਯ ਦੇ ਪੁਤ੍ਰ ਅਜਯ ਸਿੰਘ ਦੀ ਸੰਤਾਨ ਦਾ ਇਲਾਕਾ, ਜੋ ਪਿੱਛੋਂ ਸਨੌਢ ਜਾਂ ਸਨਾਢਯ ਨਾਂ ਨਾਲ ਪ੍ਰਸਿੱਧ ਹੋਇਆ।



Digitized by Panjab Digital Library | www.panjabdigilib.org

ਭਾਰਤੀ ਜਾਤਾਂ ਤੇ ਗੋਤਾਂ ਦੇ ਇਤਿਹਾਸ ਅਨੁਸਾਰ ਖਤ੍ਰੀ ਲੋਕ, ਜਿਨ੍ਹਾਂ ਵਿਚ ਸੋਢੀ-ਬੇਦੀ ਵੀ ਸ਼ਾਮਲ ਹਨ, ਆਪਣੇ ਆਪ ਨੂੰ ਛਤ੍ਰੀ (ਆਰੀਯਾਂ) ਲੋਕਾਂ ਦੀ ਸੰਤਾਨ ਦਸਦੇ ਹਨ। ਜੇ ਸਹੀ ਤੌਰ ਤੇ ਇਨ੍ਹਾਂ

## ਖਤ੍ਰੀਆਂ ਦਾ ਮੁੱਢ : ਜਾਤਿ ਤੇ ਗੋਤ

ਦੇ ਕੰਮ-ਕਾਰ ਵਲ ਦੇਖਿਆ ਜਾਵੇ ਤਾਂ ਇਹ ਇਕ ਪ੍ਰਕਾਰ ਦੇ ਵੈਸ਼ ਹਨ, ਜੋ ਵਣਜ-ਵਪਾਰ ਕਰ ਕੇ ਆਪਣੇ ਗੁਜ਼ਾਰੇ ਤੋਰਦੇ ਹਨ ਤੇ ਇਸੇ ਕਰ ਕੇ ਇਹ ਕਿਰਾੜਾਂ ਵਿਚ ਸ਼ਾਮਲ ਕੀਤੇ ਜਾਂਦੇ ਹਨ। ਪੁਰਾਣੇ ਛੱਤ੍ਰੀਆਂ ਜੇਹੇ ਜੰਗੀ ਕਰਤੱਬ ਤੇ ਸ਼ਸਤ੍ਰ-ਕਲਾ ਦੇ ਗੁਣ, ਜੋ ਖ਼ਾਸ ਕਰ ਕੇ ਰਾਜਸਥਾਨ ਦੇ ਰਾਜਪੂਤਾਂ ਜਾਂ ਪੰਜਾਬ ਦੇ ਜੱਟਾਂ ਵਿਚ ਪਾਏ ਜਾਂਦੇ ਹਨ, ਇਨ੍ਹਾਂ ਖਤ੍ਰੀਆਂ ਵਿਚ ਜੇ ਕਦੇ ਸਨ ਤਾਂ ਉਹ ਚਿਰੋਕੇ ਲੁਪਤ ਹੋਏ ਜਾਪਦੇ ਹਨ। ਖਤ੍ਰੀਆਂ ਦੇ ਜਾਤਿ-ਗੋਤ ਤਾਂ ਭਾਵੇਂ ਬਹੁਤੇਰੇ ਹਨ, ਜਿਵੇਂ—ਢਾਈ ਘਰੇ, ਚਾਰ ਘਰੇ (ਸੇਠ, ਮੈਹਰੇ, ਕਪੂਰ ਤੇ ਖੰਨੇ), ਪੰਜ ਜਾਤੀ (ਬਹਿਲ, ਬੇਰੀ, ਸਹਿਗਲ. ਵਾਹੀ ਤੇ ਵਿੱਜ), ਛੇ ਜਾਤੀ (ਬਹਿਲ, ਚੋਪੜੇ, ਧੌਨ, ਸਹਿਗਲ, ਤਲਵਾੜ ਤੇ ਪੁਰੀ), ਸੱਤ ਜਾਤੀ, ਬਾਰਾਂ ਜਾਤੀ[1] ਆਦਿ, ਪਰ ਮੁੱਖ ਜਾਤਾਂ ਇਨ੍ਹਾਂ ਦੀਆਂ ਚਾਰ ਹੀ ਹਨ :—

(੧) ਬੁੰਜਾਹੀ (ਬਵੰਜਾਹੀ ਜਾਂ ਬਹੁਜਾਈ),
(੨) ਸਰੀਨ (ਸ਼ਰਹ-ਆਈਨ ਦੇ ਅਨੁਯਾਈ),
(੩) ਬਾਰ੍ਹੀ ਅਥਵਾ ਬਾਹਰੀ ਅਤੇ
(੪) ਖੋਖਰਾਇਣ।

ਭਾਰਤੀ ਲੋਕ-ਕਥਾ ਦੇ ਅਨੁਸਾਰ ਇਨ੍ਹਾਂ ਵਿਚੋਂ ਪਹਿਲੇ ਬਾਵਨ ਜਾਂ ਬਵੰਜਾਹੀ (ਬੁੰਜਾਹੀ) ਖਤ੍ਰੀ ਮੁਖ ਹਨ, ਜੋ ਸ਼ਾਹ ਅਲਾਉੱਦੀਨ ਖ਼ਿਲਜੀ ਕੋਲ, ਇਕ ਵੇਰ ਵਿਧਵਾ-ਵਿਵਾਹ ਤੋਂ ਵਿਰੁੱਧ ਸ਼ਿਕਾਇਤ ਲੈ ਕੇ ਗਏ ਸਨ। ਕਹਿੰਦੇ ਹਨ ਕਿ ਇਨ੍ਹਾਂ ਵਿਚੋਂ ਕਈਆਂ ਨੇ ਵਿਧਵਾ-ਵਿਵਾਹ ਕਰਨੇ ਮੰਨ ਲਏ, ਜਿਸ

---

[1]ਬਾਰਾਂ ਜਾਤ ਤੇ ਸੱਤ ਸਨਾਤ ਢੁੱਕੀ, ਰੰਗ ਰੰਗ ਦੀਆਂ ਮੂਰਤਾਂ ਆਉਂਦੀਆਂ ਨੀ। (ਹੀਰ ਵਾਰਿਸ ਸ਼ਾਹ)



Digitized by Panjab Digital Library | www.panjabdigilib.org

ਕਰ ਕੇ ਉਹ ਸਰੀਨ (ਸ਼ਰਹ-ਆਈਨ ਦੇ ਅਨੁਯਾਈ) ਬਣ ਗਏ, ਪਰ ਕਈ ਸ਼ਾਹੀ ਹੁਕਮ ਤੋਂ ਉੱਕੇ ਹੀ ਮੁਨਕਰ ਹੋ ਗਏ। ਸਰਦਾਰ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ, "ਬਾਰ੍ਹੀ ਬਾਰਾਂ ਗੋਤਾਂ ਵਿਚ ਖੁਖਰਾਇਣ ਅੱਠ ਗੋਤਾਂ ਵਿਚ, ਬਵੰਜਾਹੀ ਬਵੰਜਾ ਗੋਤਾਂ ਵਿਚ ਤੇ ਸਰੀਨ ਵੀਹ ਗੋਤਾਂ ਵਿਚ ਵੰਡੇ ਹੋਏ ਹਨ[1]।" ਅੱਗੇ ਜਾ ਕੇ ਸੋਢੀ ਤੇ ਬੇਦੀ ਇਨ੍ਹਾਂ ਬਵੰਜਾ ਕੁਲਾਂ ਦੇ ਖਤ੍ਰੀਆਂ ਦੀਆਂ ਹੀ ਦੋ ਸ਼ਾਖ਼ਾਂ[2] ਹਨ, ਜੋ ਪਿੱਛੋਂ ਸਿੱਖ ਗੁਰੂਆਂ ਨਾਲ ਸੰਬੰਧਿਤ ਹੋਣ ਕਰਕੇ ਵਧੇਰੇ ਪ੍ਰਸਿੱਧ ਹੋ ਗਈਆਂ। ਸ: ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ "ਸੋਢੀ ਗੋਤ ਹੁਣ ਛੋਟੇ ਸਰੀਣਾਂ ਵਿਚ ਗਿਣਿਆ ਜਾਂਦਾ ਹੈ।" (ਦੇਖੋ, ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚੋਂ

---

[1]ਦੇਖੋ, ਸਰਦਾਰ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚੋਂ 'ਖਤ੍ਰੀ' ਸ਼ਬਦ ਦੀ ਵਿਆਖਿਆ। ਇਸੇ ਤਰ੍ਹਾਂ ਭਾਈ ਗੁਰਦਾਸ ਨੇ ਵੀ ਕਈ ਪ੍ਰਕਾਰ ਦੇ ਖਤ੍ਰੀਆਂ ਦਾ ਜ਼ਿਕਰ ਕੀਤਾ ਹੈ, ਜਿਵੇਂ—

ਕਿਤੜੇ ਖਤ੍ਰੀ ਬਾਹਰੀ,
ਕੇਤੜਿਆਂ ਹੀ ਬਾਵੰਜਾਹੀ।
ਪਾਵਾਧੇ ਪਾਚਾਧਿਆਂ,
ਫਲੀਆਂ ਖੋਖਰਾਇਣ ਅਵਗਾਹੀ।
ਕੇਤੜਿਆਂ ਚਉੜੋਤਰੀ,
ਕੇਤੜਿਆਂ ਸੇਰੀਣ ਵਿਲਾਹੀ।
ਕੇਤੜਿਆਂ ਅਵਤਾਰ ਹੋਇ,
ਚਕ੍ਰਵਰਤਿ ਰਾਜੇ ਦਰਗਾਹੀ।
ਸੂਰਜ ਵੰਸੀ ਆਖੀਅਨ,
ਸੋਮਵੰਸ ਸੂਰਵੀਰ ਸਿਪਾਹੀ।

(ਵਾਰ ੮/੧੦)

[2]ਦੇਖੋ, Sir Denzil Ibbetson's, Panjab Castes, 1916, Pp. 247—50.



Digitized by Panjab Digital Library / www.panjabdigilib.org

'ਸੋਢੀ' ਸ਼ਬਦ) ਕੇਸਰ ਸਿੰਘ ਛਿੱਬਰ ਵੀ ਸੋਢੀਆਂ ਨੂੰ ਸਰੀਨ ਖਤ੍ਰੀ ਹੀ ਮੰਨਦਾ ਹੈ। (ਦੇਖੋ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ)।

ਸਿੱਖ-ਧਰਮ ਦੇ ਮੂਲ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਜਾਤਿ ਦੇ ਵੇਦੀ ਖਤ੍ਰੀ ਸਨ, ਸ੍ਰੀ ਗੁਰੂ ਅੰਗਦ ਦੇਵ (ਲਹਿਣਾ) ਜੀ ਤ੍ਰੇਹਣ ਤੇ ਸ੍ਰੀ ਗੁਰੂ ਅਮਰ ਦਾਸ ਜੀ ਭੱਲੇ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਜਾਤਿ ਦੇ ਸੋਢੀ (ਖਤ੍ਰੀ) ਸਨ। ਸ੍ਰੀ ਗੁਰੂ ਰਾਮ ਦਾਸ ਜੀ ਦਾ ਪਹਿਲਾ ਨਾਂ ਜੇਠਾ ਸੀ। ਮੁਨਸ਼ੀ ਖੁਸ਼ਵਕਤ ਰਾਇ ਕ੍ਰਿਤ ਤਵਾਰੀਖ਼ੇ ਸਿੱਖਾਂ ਦੇ ਕਥਨ ਅਨੁਸਾਰ ਗੁਰੂ ਰਾਮ ਦਾਸ ਜੀ ਦੀਆਂ ਦੋ ਸ਼ਾਦੀਆਂ ਸਨ—(੧) ਬੀਬੀ ਭਾਨੀ[1], ਜੋ ਸ੍ਰੀ ਗੁਰੂ ਅਮਰ ਦਾਸ ਜੀ ਦੀ ਸੁਪੁਤ੍ਰੀ ਸੀ, ਤੇ (੨) ਦੂਜੀ ਇਕ ਸੁਪਤਨੀ ਹੋਰ,ਜਿਸ ਦਾ ਨਾਂ ਉਸ ਨੇ ਨਹੀਂ ਲਿਖਿਆ। ਬੀਬੀ ਭਾਨੀ ਦੇ ਪੁਤ੍ਰ ਸਨ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਕਬੀਲਾ ਦੋਇਮ ਵਿਚੋਂ ਸਨ ਸੋਢੀ ਪ੍ਰਿਥੀ ਚੰਦ ਤੇ ਮਹਾਦੇਵ। ਮੁਨਸ਼ੀ ਸੋਹਨ ਲਾਲ ਸੂਰੀ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਸ੍ਰੀ ਗੁਰੂ ਰਾਮ ਦਾਸ ਜੀ ਦਾ ਮੰਝਲਾ (ਵਿਚਕਾਰਲਾ) ਪੁਤ੍ਰ ਸੀ ਤੇ ਵੱਡਾ ਸੀ ਮਹਾਦੇਵ। (ਦੇਖੋ, ਉਮਦਾਤੁੱ ਤਵਾਰੀਖ਼, ਦਫ਼ਤਰ ਅੱਵਲ, ਸਫ਼ਾ ੨੯), ਪਰ ਹੋਰ ਸਾਰੇ ਇਤਿਹਾਸਕਾਰ ਇਹ ਕਥਨ ਸਹੀ ਨਹੀਂ ਮੰਨਦੇ। ਉਹ ਲਿਖਦੇ ਹਨ ਕਿ ਪ੍ਰਿਥੀ ਚੰਦ ਸਭ ਤੋਂ ਵੱਡਾ ਸੀ ਤੇ ਬੀਬੀ ਭਾਨੀ ਜੀ ਦੇ ਬਾਕੀ ਦੋਵੇਂ ਪੁਤ੍ਰ ਮਹਾਂ ਦੇਵ ਤੇ ਗੁਰੂ ਅਰਜਨ ਕ੍ਰਮ ਅਨੁਸਾਰ ਛੋਟੇ ਸਨ। ਇਹ ਜੇ ਸੋਢ-ਬੰਸ ਦਾ ਪ੍ਰਾਰੰਭਕ ਇਤਿਹਾਸ। ਹੁਣ ਅੱਗੇ ਲਓ ਸਿੱਖ-ਇਤਿਹਾਸ ਦੇ ਅਨੁਸਾਰ ਸੋਢੀ ਮਿਹਰਵਾਨ ਬਾਰੇ ਵੰਸ਼ਾਨੁਕ੍ਰਮ ਵਿਵਰਣ।

## ੨. ਸੋਢੀ ਪ੍ਰਿਥੀ ਚੰਦ

ਸ੍ਰੀ ਗੁਰੂ ਰਾਮ ਦਾਸ ਜੀ ਦੇ ਘਰ ਸੋਢੀ ਮਿਹਰਵਾਨ ਦੇ ਪਿਤਾ ਸੋਢੀ ਪ੍ਰਿਥੀ ਚੰਦ ਦਾ ਜਨਮ ਸੰਮਤ ੧੬੦੫ ਬਿ: (੧੫੪੮ ਈ:) ਵਿਚ ਹੋਇਆ। ਇਸ

---

[1]ਸੱਯਦ ਮੁਹੰਮਦ ਲਤੀਫ਼ ਦੇ ਕਥਨ ਅਨੁਸਾਰ ਅਸਲ ਨਾਮ ਮੋਹਨੀ ਉਰਫ਼ ਭਾਨੀ ਸੀ। (ਦੇਖੋ,History of the Panjab, 1891, P.252.)



Digitized by Panjab Digital Library | www.panjabdigilib.org

ਤੋਂ ਪਿੱਛੋਂ ਗੁਰੂ ਜੀ ਦੇ ਘਰ ਦੋ ਪੁਤ੍ਰ ਹੋਰ ਪੈਦਾ ਹੋਏ: (੧) ਮਹਾਦੇਵ ਤੇ (੨) ਸ੍ਰੀ ਗੁਰੂ ਅਰਜਨ ਦੇਵ ਜੀ। ਸ੍ਰੀ ਮਹਾਦੇਵ ਜੀ ਦਾ ਜਨਮ ਸੰਮਤ ੧੬੦੮ ਬਿ: ਵਿਚ ਹੋਇਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸੰਮਤ ੧੬੧੦ ਬਿ: ਵਿਚ[1]। ਸ੍ਰੀ ਗੁਰੂ ਅਮਰ ਦਾਸ ਜੀ ਇਨ੍ਹਾਂ ਦੋਹਤਿਆਂ ਨਾਲ ਬੜਾ ਦਿਲੀ ਸਨੇਹ ਰਖਦੇ ਸਨ।

**ਸ੍ਰੀ ਗੁਰੂ ਰਾਮਦਾਸ ਜੀ ਦੀ ਸੰਤਾਨ**

ਇਨ੍ਹਾਂ ਵਿਚੋਂ ਪ੍ਰਿਥੀ ਚੰਦ ਵੱਡਾ ਹੋਣ ਤੇ ਅੱਛਾ ਖ਼ਾਸਾ ਦੁਨੀਆਦਾਰ ਬਣਿਆ ਤੇ ਮਹਾਦੇਵ ਸਿੱਧਾ ਸਾਦਾ ਸਾਧੂ ਸੁਭਾਉ ਦਾ ਵਿਅਕਤੀ। ਸ੍ਰੀ ਗੁਰੂ ਅਰਜਨ ਦੇਵ ਜੀ ਬੜੇ ਸਤਵਾਦੀ ਤੇ ਰੂਹਾਨੀਅਤ ਦੇ ਪੁੰਜ ਸਨ। ਪ੍ਰਿਥੀ ਚੰਦ ਦਾ ਵਿਆਹ ਸੰਮਤ ੧੬੧੩ ਬਿ: ਵਿਚ ਪਿੰਡ ਹੇਹਰ (ਲਾਹੌਰ ਦੇ ਨੇੜੇ) ਬੀਬੀ ਕਰਮੋ ਅਥਵਾ ਸਾਹਿਬਾਣੀ ਭਗਵਾਨ ਨਾਲ ਹੋਇਆ। ਮਹਾਦੇਵ ਕੁਆਰਾ ਰਿਹਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ ਸੰਮਤ ੧੬੨੨ ਬਿ: ਵਿਚ ਬੀਬੀ ਰਾਮਦੇਈ ਜੀ ਦੇ ਨਾਲ ਹੋਇਆ।

ਇਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਗੁਰ-ਗੱਦੀ ਉਤੇ ਸੁਸ਼ੋਭਿਤ ਸਨ ਤੇ ਭਾਰਤ ਉਤੇ ਮੁਗਲ ਸਮਰਾਟ ਅਕਬਰ ਦੀ ਹਕੂਮਤ ਸੀ। ਸ੍ਰੀ ਰਾਮ ਦਾਸ ਜੀ

**ਰਾਮ ਦਾਸ਼ ਪੁਰ ਦੀ ਨੀਂਹ**

ਦੇ ਘਰ ਉਤੇ, ਜੋ ਲਾਹੌਰ ਵਿਚ ਸੀ, ਅਚਾਨਕ ਇਸ ਸਮੇਂ ਕਾਜ਼ੀਆਂ ਨੇ ਕਬਜ਼ਾ ਕਰ ਲਿਆ। ਇਹ ਦੇਖ ਕੇ ਗੁਰੂ ਅਮਰ ਦਾਸ ਜੀ ਉਨ੍ਹਾਂ ਦੇ ਵਸੇਬੇ ਦਾ ਉਪਾਇ ਸੋਚਣ ਲੱਗੇ। ਸੰਨ ੧੫੫੩ ਈ: (ਸੰਮਤ ੧੬੧੦ ਬਿ:) ਵਿਚ ਸ਼ਾਹ ਅਕਬਰ ਨੇ ਚਿਤੌੜ ਗੜ੍ਹ (ਰਾਜਸਥਾਨ) ਫ਼ਤਿਹ ਕੀਤਾ ਤੇ ਫੇਰ ਸੰ: ੧੬੧੪ ਬਿ: ਵਿਚ ਉਹ ਸ਼ਾਹੀ ਦਲ ਬਲ ਸਮੇਤ ਲਾਹੌਰ ਨੂੰ ਜਾਂਦਾ ਹੋਇਆ ਗੋਇੰਦਵਾਲ ਠਹਿਰਿਆ। ਗੁਰੂ ਅਮਰ ਦਾਸ ਜੀ ਦੇ ਲੰਗਰੋਂ ਪ੍ਰਸ਼ਾਦ ਛਕ ਕੇ ਸ਼ਾਹ ਅਕਬਰ ਨੇ ਅਮ੍ਰਿਤਸਰ

---

1ਕੇਸਰ ਸਿੰਘ ਛਿਬਰ, ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਕਾ, ਚਰਣ ਚੌਥਾ।



Digitized by Panjab Digital Library | www.panjabdigilib.org

ਦੇ ਨੇੜੇ ੧੨ ਪਿੰਡਾਂ ਦਾ ਪਟਾ ਲਿਖ ਕੇ ਲੰਗਰ ਲਈ ਅਰਦਾਸ ਕਰਵਾਇਆ ਜੋ ਮਨਜ਼ੂਰ ਹੋਣ ਤੇ ਸ੍ਰੀ ਰਾਮ ਦਾਸ ਜੀ ਦੇ ਸਪੁਰਦ ਕੀਤਾ ਗਿਆ। ਸੰਮਤ ੧੬੨੧ ਬਿ: ਵਿਚ ਸ੍ਰੀ ਰਾਮ ਦਾਸ ਜੀ ਨੇ ਕੁਝ ਹੋਰ ਨਵੀਂ ਜ਼ਮੀਨ ਖ਼ਰੀਦੀ ਤੇ ਗੁਰੂ ਅਮਰ ਦਾਸ ਜੀ ਦੀ ਆਗਿਆ ਨਾਲ ਤੁੰਗ, ਗੁਮਟਾਲਾ, ਸੁਲਤਾਨਵਿੰਡ ਆਦਿ ਪਿੰਡਾਂ ਪਾਸ ਇਕ ਤਲਾਉ ਖੁਦਵਾਇਆ, ਜੋ ਸੰਤੋਖ ਸਰ ਨਾਂ ਨਾਲ ਪ੍ਰਸਿੱਧ ਹੋਇਆ। ਇਸ ਤੋਂ ਪਿੱਛੋਂ ਹਾੜ੍ਹ ਵਦੀ ੧੩ ਸੰ: ੧੬੨੨ ਨੂੰ ਉਥੇ ਹੀ ਇਕ ਪਿੰਡ ਬੰਨ੍ਹਿਆ ਜਿਸ ਦਾ ਨਾਉਂ 'ਰਾਮ ਦਾਸ ਪੁਰ' ਰੱਖਿਆ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰ ਦਾਸ ਜੀ ਦੇ ਹੁਕਮ ਨਾਲ ਸੰਮਤ ੧੬੩੦ ਬਿ: ਵਿਚ ਸੰਤੋਖ ਸਰ ਦੇ ਨੇੜੇ ਇਕ ਹੋਰ ਤਲਾਉ ਸੁਧਾ ਸਰ (ਅਮ੍ਰਿਤ ਸਰੋਵਰ) ਨਾਂ ਦਾ ਖੁਦਵਾਇਆ, ਜੋ ਉਸ ਸਮੇਂ ਅਧੂਰਾ ਹੀ ਰਿਹਾ। ਇਹ ਸਭ ਕੁਝ ਗੁਰੂ ਅਮਰ ਦਾਸ ਜੀ ਨੇ ਇਸ ਕਰ ਕੇ ਕੀਤਾ ਕਿ ਗੁਰੂ ਰਾਮ ਦਾਸ ਜੀ ਉਨ੍ਹਾਂ ਦੀ ਸੰਤਾਨ ਤੋਂ ਪਰੇ, ਨਿਵੇਕਲੇ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਕਰਨ ਤੇ ਉਸੇ ਤਰ੍ਹਾਂ ਸੁਤੰਤ੍ਰ ਰਹਿਣ, ਜਿਵੇਂ ਗੁਰੂ ਨਾਨਕ ਨੇ ਗੁਰੂ ਅੰਗਦ ਜੀ ਨੂੰ ਗੱਦੀ ਦੇ ਕੇ ਖਡੂਰ ਤੇ ਗੁਰੂ ਅੰਗਦ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਗੱਦੀ ਦੇ ਕੇ ਗੋਇੰਦਵਾਲ ਭੇਜ ਦਿੱਤਾ ਸੀ। ਇਸੇ ਵਿਚਾਰ ਨੂੰ ਮੁੱਖ ਰੱਖ ਕੇ ਸ੍ਰੀ ਰਾਮ ਦਾਸ ਜੀ ਨੇ 'ਅਮ੍ਰਿਤ ਸਰੋਵਰ' ਦਾ ਪਹਿਲਾਂ ਨਾਉਂ 'ਅਮਰ-ਸਰ' ਰੱਖਿਆ, ਜੋ ਪਿੱਛੋਂ ਧੀਰੇ ਧੀਰੇ ਬਦਲ ਕੇ ਅਮ੍ਰਿਤਸਰ ਬਣ ਗਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਜੀ ਨੇ ਅਮ੍ਰਿਤਸਰ ਵਾਲੀ ਥਾਂ ਅਕਬਰ ਤੋਂ ਨਹੀਂ, ਸਗੋਂ ਇਥੋਂ ਦੇ ਜ਼ਿਮੀਂਦਾਰਾਂ ਪਾਸੋਂ ਕੀਮਤਨ ਖ਼ਰੀਦੀ ਤੇ ਸਰੋਵਰ ਦੀ ਪੁਟਾਈ ਸੰ: ੧੬੩੩ ਵਿਚ ਕੀਤੀ ਸੀ।

**ਸੰਤੋਖ ਸਰ ਤੇ ਸੁਧਾ ਸਰ**

**ਅਮਰ-ਸਰ ਤੇ ਅਮ੍ਰਿਤਸਰ**

(ਦੇਖੋ, ਤਵਾਰੀਖ਼ ਸ੍ਰੀ ਅਮਿਤਸਰ, ੧੯੨੩ ਈ:, ਸਫ਼ਾ ੬)

ਸ੍ਰੀ ਗੁਰੂ ਅਮਰਦਾਸ ਜੀ ਦਾ ਆਪਣੀ ਧੀ ਬੀਬੀ ਭਾਨੀ ਜੀ ਦੇ ਨਾਲ ਕਿਤਨਾ ਦਿਲੀ ਸਨੇਹ ਸੀ, ਉਹ ਸ੍ਰੀ ਅਮ੍ਰਿਤਸਰ ਦੀ ਇਸ ਰਚਨਾ ਤੋਂ ਬਿਨਾ ਹੋਰ ਇਸ ਕਹਾਵਤ ਤੋਂ ਵੀ ਜ਼ਾਹਰ ਹੁੰਦਾ ਹੈ ਕਿ ਇਕ ਵੇਰ ਉਨ੍ਹਾਂ ਨੇ ਸ੍ਰੀ ਰਾਮ ਦਾਸ ਜੀ



Digitized by Panjab Digital Library | www.panjabdigilib.org

ਜੀ ਦਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਉਸ ਨੂੰ ਆਪਣੀ ਲੰਮੀ ਉਮਰ ਵਿਚੋਂ ਲਗਭਗ ਸੱਤ ਵਰ੍ਹਿਆਂ ਦੀ ਉਮਰ ਇਸ ਕਰਕੇ ਅਰਪ ਦਿੱਤੀ, ਤਾਂ ਜੋ ਬੀਬੀ ਭਾਨੀ ਉਨ੍ਹਾਂ ਦੀਆਂ ਅੱਖੀਆਂ ਸਾਹਵੇਂ ਰੰਡੇਪੇ ਦੇ ਕਾਰਣ ਦੁਖੀ ਨਾ ਹੋਵੇ[1]। (ਦੇਖੋ, ਗੁਰਪ੍ਰਤਾਪ ਸੂਰਜ, ਰਾਸ਼ਿ ੧, ਅੰਸੂ ੬੭) ਇਹ ਕੁਰਬਾਨੀ ਠੀਕ ਉਸੇ ਕਿਸਮ ਦੀ ਹੈ, ਜਿਵੇਂ ਸ਼ਾਹ

**ਪੁਤ੍ਰੀ ਵਾਸਤੇ ਪਿਤਾ ਦੀ ਕੁਰਬਾਨੀ**

---

[1]ਸ੍ਰੀ ਗੁਰੁ ਨਾਨਕ ਜਥਾ ਬਨਾਯੋ।
ਆਪ ਅਛਤ ਸਭਿ ਬਿਧਿ ਸਮੁਝਾਯੋ ॥੩॥
ਗਾਦੀ ਦੇ ਕਰਿ ਪ੍ਰਿ ਕਰਤਾਰ।
ਦੀਨ ਬਸਾਇ ਖਡੂਰ ਮਝਾਰ।
ਸੰਤਤਿ ਕਰੈ ਬਿਰੋਧ ਨ ਕੋਈ।
ਬੈਠੇ ਪ੍ਰਿਥਕ ਪ੍ਰਕਾਸੈਂ ਸੋਈ ॥੪॥
ਤਿਮ ਸ੍ਰੀ ਅੰਗਦ ਕਾਰਜ ਕੀਨਾ।
ਗੋਇੰਦਵਾਲ ਬਸਾਇ ਸੁ ਦੀਨਾ।
ਨਿਜ ਸੰਤਤਿ ਤੇ ਕਰਿ ਕੈ ਨਜਾਰੇ।
ਸ੍ਰੀ ਗੁਰੁ ਅਮਰ ਦਾਸ ਬੈਠਾਰੇ ॥੫॥
ਤਿਮ ਸ੍ਰੀ ਅਮਰ ਮਨੋਰਥ ਕਰਿ ਕੈ।
ਸਭਿ ਬਿਧਿ ਨੀਕੇ ਰਿਦੇ ਬਿਚਰਿ ਕੈ।
ਸਤਿਜੁਗ ਕੋ ਤੀਰਥ ਦੁਰ ਰਹਜੋ।...
ਸ੍ਰੀ ਗੁਰੁ ਰਾਮਦਾਸ ਕੇ ਹੇਤ।
ਚਿਤ ਚਾਹਜੋ ਬਨਵਾਇ ਨਿਕੇਤ।
ਕੁਲ ਹਮਰੀ ਰਹਿ ਗੋਇੰਦਵਾਲ।
ਫੂਲਹਿ ਫਲਹਿ ਅਨੰਦ ਬਿਸਾਲ।੪੧॥
ਇਨ ਤੇ ਪ੍ਰਿਥਕ ਰਹੈਂ ਕਿਤ ਔਰ।
ਰਾਮ ਦਾਸ ਸੋਢੀ ਸਿਰਮੌਰ ।...
(ਗੁਰੁ ਪ੍ਰਤਾਪ ਸੂਰਜ, ਰਾਸ਼ਿ ੨,੧੧)



Digitized by Panjab Digital Library | www.panjabdigilib.org

ਬਾਬਰ ਨੇ ਆਪਣੇ ਪੁਤ੍ਰ ਹਮਾਯੂੰ ਤੋਂ, ਉਸ ਦਾ ਅੰਤ ਸਮਾਂ ਨੇੜੇ ਆਇਆ ਜਾਣ, ਸੰਨ ੯੩੭ ਹਿ: ਮੁਤਾਬਿਕ ੧੫੮੬ ਬਿ: ਵਿਚ ਆਪਣੀ ਬਾਕੀ ਉਮਰ ਵਾਰ ਦਿੱਤੀ ਸੀ। (ਦੇਖੋ, ਅਬਦੁਲ ਕ਼ਾਦਰ, ਅਵੀਮਾਕਿ ਮੁਗ਼ਲ, ੧੯੦੨ ਈ:, ਸਫ਼ੇ ੩੯੭—੯੮; ਸੱਯਦ ਮੁਹੰਮਦ ਲਤੀਫ਼,ਹਿਸਟਰੀ ਆਫ਼ ਦੀ ਪੰਜਾਬ,ਸਫ਼ਾ ੧੨੪)

ਸੋਢੀ ਪ੍ਰਿਥੀ ਚੰਦ, ਮਹਾਦੇਵ ਤੇ ਗੁਰੂ ਅਰਜਨ ਦੇਵ ਜੀ ਨੂੰ ਮੁੱਢਲੀ ਵਿਦਿਆ ਸ਼੍ਰੀ ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿਚ ਸ਼੍ਰੀ ਗੋਇੰਦਵਾਲ ਹੀ ਪੜ੍ਹਾਈ ਗਈ।

**ਗੋਇੰਦਵਾਲ ਤੋਂ ਰਾਮਦਾਸ ਪੁਰ**

ਮਿਤੀ ਭਾਦੋਂ ਸੁਦੀ ੧੫, ਸੰਮਤ ੧੬੩੧ ਬਿ: ਨੂੰ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੇ ਜਦ ਉਨ੍ਹਾਂ ਦੀ ਥਾਵੇਂ ਗੁਰੂ ਰਾਮਦਾਸ ਜੀ ਨੇ ਗੁਰ-ਗੱਦੀ ਪਰ ਸੁਸ਼ੋਭਿਤ ਹੋ ਕੇ ਸਿੱਖ-ਪੰਥ ਦੀ ਸੇਵਾ ਸੰਭਾਲੀ ਤਾਂ ਆਪ ਗੁਰੂ ਅਮਰ ਦਾਸ ਜੀ ਦੇ ਪੂਰਬ ਕਥਿਤ ਆਸ਼ੇ ਅਨੁਸਾਰ ਗੋਇੰਦਵਾਲ ਛੱਡ ਕੇ ਸੰਮਤ ੧੬੩੩ ਵਿਚ ਪਰਿਵਾਰ ਸਮੇਤ ਰਾਮਦਾਸ ਪੁਰ (ਅਮ੍ਰਿਤਸਰ) ਜਾ ਰਹੇ। ਆਪਣੇ ਰਹਿਣ ਲਈ ਮਕਾਨ ਗੁਰੂ ਜੀ ਨੇ ਪਹਿਲਾਂ ਹੀ ਬਣਵਾ ਲਏ ਸਨ। ਇਸ ਸਮੇਂ ਸਿੱਖ-ਸੰਗਤਾਂ ਦੀ ਗਹਿਮਾ ਗਹਿਮ ਕਾਫ਼ੀ ਸੀ, ਪਰ ਰਾਮਦਾਸ ਪੁਰ ਨਗਰੀ ਦੀ ਆਬਾਦੀ ਨਵੀਂ ਹੋਣ ਕਰ ਕੇ ਅਜੇ ਥਾਂ ਦੀ ਬਹੁਤ ਤੰਗੀ ਸੀ।

ਪ੍ਰਿਥੀ ਚੰਦ ਮੁੱਢ ਤੋਂ ਹੀ ਸਿਆਣਾ, ਚਤੁਰ, ਖ਼ੁਦਗ਼ਰਜ਼, ਕਪਟੀ ਤੇ ਕਰੂਰ ਸੁਭਾਉ ਦਾ ਵਿਅਕਤੀ ਸੀ। ਗੁਰੂ ਜੀ ਦੇ ਘਰੋਗੀ ਪ੍ਰਬੰਧ ਤੇ ਦਰਬਾਰ ਦੇ ਆਮਦਨ ਖ਼ਰਚ ਦਾ ਲੇਖਾ ਸ਼ੁਰੂ ਤੋਂ ਹੀ ਉਸ ਦੇ ਸਪੁਰਦ ਸੀ, ਜਿਸ ਵਿਚ ਉਹ ਬੜਾ ਮਾਹਿਰ ਸੀ, ਪਰ ਆਗਿਆਕਾਰੀ ਨਾ ਹੋਣ ਕਰ ਕੇ ਉਹ ਗੁਰੂ ਜੀ ਦਾ ਏਨਾ

**ਪ੍ਰਿਥੀ ਚੰਦ ਦਾ ਸੁਭਾਉ ਤੇ ਆਚਾਰ**

ਕ੍ਰਿਪਾ-ਪਾਤ੍ਰ ਨਾ ਹੋ ਸਕਿਆ। ਪ੍ਰਿਥੀ ਚੰਦ ਬਾਰੇ ਇਹ ਰਾਇ ਸਿੱਖ-ਇਤਿਹਾਸਕਾਰਾਂ ਦੀ ਹੈ, ਪਰ ਸੋਢੀ ਹਰਿ ਜੀ ਦੇ ਕਥਨ ਅਨੁਸਾਰ ਉਹ ਏਨਾ ਕਰੂਰ ਨਹੀਂ, ਸਗੋਂ ਬੜਾ ਰਹਿਮ ਦਿਲ ਤੇ ਗੁਰੂ ਜੀ ਦਾ ਪੂਰਾ ਆਗਿਆਕਾਰ ਸੀ। ਉਸ ਵਿਚ ਵਿਦਿਆ, ਬੁੱਧੀਮੱਤਾ ਤੇ ਗੁਰੂ-ਘਰ ਦਾ ਬਹੁਤ ਸਨੇਹ



Digitized by Panjab Digital Library | www.panjabdigilib.org

ਸੀ। ਸੋਢੀ ਹਰਿ ਜੀ ਦੇ ਇਸ ਵਿਗਿਆਪਨ ਦੇ ਬਾਵਜੂਦ ਵੀ ਪ੍ਰਿਥੀ ਚੰਦ ਮੀਣੇ ਸੁਭਾਉ ਦਾ ਅਨੁਗਾਮੀ ਹੋਣ ਕਰ ਕੇ ਗੁਰੂ ਅਰਜਨ ਵਾਂਗੂੰ ਗੁਰੂ-ਘਰ ਵਿਚ ਏਨਾ ਮਕਬੂਲ ਤੇ ਹਰ ਮਨ ਪਿਆਰਾ ਨਾ ਬਣ ਸਕਿਆ —

"ਮੀਣਾ ਹੋਆ ਪਿਰਥੀਆ ....."

(ਭਾ. ਗੁ. ਵਾਰ)

ਇਹ ਵਿਰੋਧੀ ਸੁਭਾਉ ਪ੍ਰਿਥੀ ਚੰਦ ਦਾ ਕਿਵੇਂ ਬਣਿਆ, ਇਸ ਬਾਰੇ ਸਿੱਖ-ਇਤਿਹਾਸ ਵਿਚੋਂ ਹੀ ਕਈ ਹਵਾਲੇ ਮਿਲਦੇ ਹਨ। ਸੰਮਤ ੧੬੩੧ ਵਿਚ ਜਦ

### ਸ੍ਰੀ ਅਰਜਨ ਜੀ ਦੇ ਲਾਹੌਰੋਂ ਤਿੰਨ ਪਤ੍ਰ

ਸ੍ਰੀ ਗੁਰੂ ਰਾਮਦਾਸ ਜੀ ਗੁਰ-ਗੱਦੀ ਪਰ ਬੈਠੇ ਤਾਂ ਗੁਰੂ-ਦਰਬਾਰ ਦੇ ਕਾਰੋਬਾਰ ਵਿਚ ਪ੍ਰਿਥੀ ਚੰਦ ਦਾ ਪੂਰਾ ਪੂਰਾ ਹੱਥ ਸੀ। ਇਸ ਤੋਂ ਲਗਭਗ ਚਾਰ-ਪੰਜ ਸਾਲ ਪਿੱਛੋਂ ਗੁਰੂ ਰਾਮਦਾਸ ਜੀ ਨੂੰ ਲਾਹੌਰੋਂ ਭਾਈਚਾਰੇ ਵਲੋਂ ਵਿਆਹ ਦੀ ਗੰਢ ਆਈ, ਜਿਸ ਵਿਚ ਗੁਰੂ ਸਾਹਿਬ ਖ਼ੁਦ ਤਾਂ — ਆਪਣੇ ਪਾਸ ਸੰਗਤਾਂ ਦੀ ਬਹੁਤੀ ਆਵਾਜਾਈ ਦੇ ਕਾਰਣ — ਨਾ ਜਾ ਸਕੇ ਤੇ ਆਪਣੀ ਥਾਵੇਂ ਪ੍ਰਿਥੀ ਚੰਦ ਨੂੰ ਭੇਜਣ ਲੱਗੇ; ਪਰ ਉਹ ਅੱਗੋਂ ਉਸ ਸੱਮੇਲਨ ਵਿਚ ਸ਼ਾਮਲ ਹੋਣ ਤੋਂ ਇਸ ਕਰ ਕੇ ਨਾਂਹ ਕਰ ਗਿਆ ਕਿ ਗੁਰੂ ਜੀ ਕਿਤੇ ਉਸ ਤੋਂ ਪਿੱਛੋਂ ਗੁਰਿਆਈ ਦਾ ਤਿਲਕ ਸ੍ਰੀ ਅਰਜਨ ਦੇਵ ਜੀ ਨੂੰ ਨ ਦੇ ਦੇਣ। ਇਸ ਤੋਂ ਪਿੱਛੋਂ ਗੁਰੂ ਜੀ ਨੇ ਮਹਾਦੇਵ ਨੂੰ ਪੁੱਛਿਆ। ਉਸ ਦੇ ਇਨਕਾਰੀ ਹੋਣ ਤੇ ਸਤਿਗੁਰਾਂ ਆਪਣੇ ਛੋਟੇ ਪੁਤ੍ਰ ਸ੍ਰੀ ਅਰਜਨ ਦੇਵ ਜੀ ਨੂੰ ਹੀ ਉਸ ਵਿਵਾਹ ਵਿਚ ਸ਼ਾਮਲ ਹੋਣ ਲਈ ਭੇਜਿਆ। ਭਾਵੇਂ ਇਹ ਲਾਹੌਰ ਦੀ ਰਿਹਾਇਸ਼ ਥੋੜੇ ਹੀ ਦਿਨਾਂ ਦੀ ਸੀ, ਪਰ ਗੁਰੂ ਜੀ ਨੇ ਕੁਝ ਹੋਰ ਪਰੀਖਿਆ ਲੈਣੀ ਜੋਗ ਸਮਝੀ ਤੇ ਸ੍ਰੀ ਅਰਜਨ ਦੇਵ ਜੀ ਨੂੰ ਲਾਹੌਰੋਂ ਕਾਫ਼ੀ ਸਮਾਂ ਵਾਪਿਸ ਨਾ ਬੁਲਾਇਆ। ਇਹ ਦੇਖ ਕੇ ਸ੍ਰੀ ਅਰਜਨ ਦੇਵ ਜੀ ਨੇ ਲਾਹੌਰੋਂ ਇਹ ਪਤ੍ਰ ਲਿਖ ਕੇ ਭੇਜਿਆ —

"ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥"

(ਰਾਗ ਮਾਝ ਮ: ੫)



Digitized by Panjab Digital Library | www.panjabdigilib.org

ਇਹ ਪਤ੍ਰ ਪ੍ਰਿਥੀ ਚੰਦ ਨੇ ਰਾਹ ਵਿਚ ਹੀ ਰੋਕ ਲਿਆ। ਇਸ ਤੋਂ ਪਿੱਛੋਂ ਦੂਜਾ ਪਤ੍ਰ, ਤੇ ਫੇਰ ਉੱਤਰ ਨਾ ਮਿਲਣ ਤੇ ਤੀਜਾ ਪਤ੍ਰ ਗੁਰੂ ਜੀ ਦੇ ਪਾਸ ਭੇਜਿਆ। ਇਹ ਪਿਛਲਾ ਪਤ੍ਰ, ਜਿਸ ਪਰ ਅੰਕ ੩ ਲਿਖਿਆ ਹੋਇਆ ਸੀ, ਕਿਸੇ ਤਰ੍ਹਾਂ ਭਰੇ ਦਰਬਾਰ ਵਿਚ ਗੁਰੂ ਜੀ ਦੇ ਪਾਸ ਪੁਜ ਗਿਆ। ਇਸ ਤੋਂ ਪਤਾ ਲੱਗਣ ਤੇ ਪਹਿਲੇ ਦੋਵੇਂ ਪਤ੍ਰ ਵੀ ਪੜਤਾਲ ਕਰਨ ਤੇਪ੍ਰਿਥੀ ਚੰਦ ਦੇ ਘਰੋਂ ਨਿਕਲ ਆਏ ਜਿਸ ਕਰ ਕੇ ਉਸ ਦਾ ਪਾਜ ਉੱਘੜ ਗਿਆ।

ਪ੍ਰਿਥੀ ਚੰਦ ਦੀ ਇਸ ਵਿਰੋਧਤਾ ਦੇ ਪ੍ਰਮੁਖ ਕਾਰਣ ਦੋ ਸਨ: (੧) ਉਹ ਸ੍ਰੀ ਅਰਜਨ ਦੇਵ ਜੀ ਤੋਂ ਉਮਰ ਵਿਚ ਵਡੇਰਾ ਸੀ, ਜਿਸ ਕਰਕੇ ਗੁਰੂ ਜੀ ਤੋਂ ਪਿੱਛੋਂ ਆਪਣੇ ਆਪ ਨੂੰ ਗੁਰ-ਗੱਦੀ ਦਾ ਹੱਕਦਾਰ ਸਮਝਦਾ ਸੀ।

### ਵਿਰੋਧਤਾ ਦੇ ਪ੍ਰਮੁਖ ਕਾਰਣ

ਗੁਰ-ਗੱਦੀ ਜਾਂ ਗੁਰਿਆਈ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ — "ਘਰ ਹੀ ਕੀ ਵਥ ਘਰੇ ਰਹਾਵੈ।" (ਵਾਰ ੧, ੪੭) ਗੁਰੂ ਅਮਰਦਾਸ ਵਲੋਂ ਬੀਬੀ ਭਾਨੀ ਨੂੰ ਨੂੰ ਬਖ਼ਸ਼ਿਸ਼ ਹੋਣ ਕਰ ਕੇ ਸੋਢ-ਵੰਸ਼ ਵਿੱਚ ਹੀ ਰਹਿਣੀ ਸੀ ਜਿਸ ਕਰਕੇ ਪ੍ਰਿਥੀਚੰਦ ਨੂੰ ਖਟਕਾ ਸੀ ਕਿ ਇਹ ਦਾਤ ਹਰ ਹਾਲਤ ਵਿਚ ਸ੍ਰੀ ਅਰਜਨ ਦੇਵ ਜੀ ਦੇ ਪਾਸ ਚਲੀ ਜਾਵੇਗੀ ਕਿਉਂਕਿ ਉਸ ਦੇ ਮੁਕਾਬਲੇ ਤੇ ਉਹੋ ਗੁਰੂ-ਪਿਤਾ ਦੇ ਬਹੁਤੇ ਆਗਿਆਕਾਰ ਸਨ। ਨਾਲੇ ਸ੍ਰੀ ਅਰਜਨ ਜੀ ਨੂੰ ਨਾਨਾ-ਗੁਰੂ ਵਲੋਂ 'ਭਾਰਾ ਗੁਰੂ' ਤੇ 'ਦੋਹਿਤਾ, ਭਾਣੀ ਕਾ ਬੋਹਿਥਾ' ਇਹ ਦੋ ਵਰਦਾਨ ਮਿਲੇ ਹੋਏ ਸਨ[1]। ਇਸੇ ਕਰ ਕੇ ਪ੍ਰਿਥੀ ਚੰਦ ਗੁਰ-ਗੱਦੀ ਨੂੰ ਆਪਣੀ ਅਕਲ ਤੇ ਵਡੱਪਣ ਦੇ ਜ਼ੋਰ ਨਾਲ ਕਈ ਅਜੋਗ ਢੰਗ ਵਰਤ ਕੇ ਵੀ ਕਬਜ਼ੇ ਵਿਚ ਰੱਖਣਾ ਚਾਹੁੰਦਾ ਸੀ। ਇਸ ਲਈ ਗੁਰੂ ਰਾਮਦਾਸ ਜੀ ਦੇ ਹੁਕਮ ਤੋਂ ਮੁਨਕਰ ਹੋ ਕੇ ਉਸ ਦਾ ਲਾਹੌਰ ਨਾ ਜਾਣਾ ਤੇ ਫੇਰ ਸ੍ਰੀ ਅਰਜਨ ਦੇਵ ਜੀ ਦੀਆਂ ਚਿੱਠੀਆਂ ਗੁਰੂ-ਪਿਤਾ ਦੇ ਹਜ਼ੂਰ ਨਾ ਪਹੁੰਚਣ ਦੇਣੀਆਂ ਉਸ ਦੀ ਇਸੇ ਚਾਲਾਕੀ ਦੇ ਨਤੀਜੇ ਸਨ।

ਇਸ ਤਰ੍ਹਾਂ ਆਪਣੀਆਂ ਕਰਤੂਤਾਂ ਦੇ ਕਾਰਣ ਜਦ ਪ੍ਰਿਥੀ ਚੰਦ ਛਿੱਥਾ

---

[1]ਭਾਈ ਸੰਤੋਖ ਸਿੰਘ, ਗੁਰੂ ਪ੍ਰਤਾਪ ਸੂਰਜ, ਰਾਸ਼ਿ ੧, ਅੰਸੂ ੬੬/੫੩।



Digitized by Panjab Digital Library | www.panjabdigilib.org

ਪੈ ਗਿਆ, ਤਾਂ ਗੁਰੂ-ਪਿਤਾ ਦੀ ਨਾਰਾਜ਼ਗੀ ਦੇ ਕਾਰਣ ਸਿੱਖਾਂ ਵਿਚ ਉਸ ਦੀ ਨਿੰਦਾ ਹੋਣੀ ਕੁਦਰਤੀ ਗੱਲ ਸੀ, ਪਰ ਪ੍ਰਿਥੀ ਚੰਦ ਇਸ ਅਪਜਸ ਦੇ ਕਾਰਣ ਵੀ ਨਾ ਝਕਿਆ ਤੇ ਉਹ ਧਨ ਦੇ ਜ਼ੋਰ ਕਰ ਕੇ ਗੁਰੂ-ਪਿਤਾ ਨਾਲ 'ਤੂੰ-ਤੂੰ, ਮੈਂ-ਮੈਂ' ਤੇ ਉਤਰ ਆਇਆ। ਜਦ ਏਕਣ ਝਗੜਾ ਬਹੁਤਾ ਵਧਦਾ ਦੇਖਿਆ ਤਾਂ ਗੁਰੂ ਰਾਮਦਾਸ ਜੀ ਨੇ ਉਸ ਨੂੰ ਬੜੇ ਸ਼ਾਂਤਮਈ ਭਾਵ ਵਿਚ ਕਿਹਾ :—

**ਪ੍ਰਿਥੀਏ ਦਾ ਗੁਰੂ-ਪਿਤਾ ਨਾਲ ਝਗੜਾ**

"ਕਾਹੇ ਪੂਤ ! ਝਗਰਤ ਹਉ ਸੰਗਿ ਬਾਪ ?
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ,
ਸੋ ਧਨ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ,
ਤਉ ਲਾਗੈ ਪਛੁਤਾਪ ॥੧॥...

(ਸਾਰੰਗ ਮਹਲਾ ੪, ਘਰੁ ੩, ਦੁਪਦਾ)

**ਬਾਬੇ ਬੁੱਢੇ ਨਾਲ ਟੱਕਰ**

ਸ੍ਰੀ ਗੁਰੂ ਰਾਮਦਾਸ ਜੀ ਦੀ ਦੀ ਸਿਹਤ ਇਸ ਸਮੇਂ ਅੱਛੀ ਨਹੀਂ ਸੀ, ਇਸ ਲਈ ਉਨ੍ਹਾਂ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਬਾਬਾ ਬੁੱਢਾ ਜੀ ਦੇ ਹੱਥੋਂ ਗੁਰਿਆਈ ਦਾ ਤਿਲਕ ਹਰ ਤਰ੍ਹਾਂ ਸੁਯੋਗ ਜਾਣ ਆਪਣੇ ਛੋਟੇ ਪੁਤ੍ਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੇ ਦਿੱਤਾ। ਪ੍ਰਿਥੀ ਚੰਦ ਇਸ ਗੱਲੋਂ ਹੋਰ ਵੀ ਚਿੜਿਆ ਤੇ ਉਸ ਨੇ ਬਾਬੇ ਬੁੱਢੇ ਉਤੇ ਆਪਣਾ ਗੁੱਸਾ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕੀਤਾ :—



Digitized by Panjab Digital Library | www.panjabdigilib.org

ਭਾਈ ਬ੍ਰਿਧ ਸੋਂ ਪ੍ਰਿਥੀਆ ਮਿਲਿਓ ।
ਜਰ ਬਰ ਗਯੋ ਨ ਕਛੁ ਬਸ ਚਲਿਓ ॥ ੨੨ ॥
"ਸੁਨ, ਬੁੱਢੇ ! ਹਮ ਤੁਮ ਕੋ ਜਾਨਹਿ ।
ਗੁਰੁ ਨਾਨਕ ਸਮ ਮਹਿਮਾ ਮਾਨਹਿ...॥ ੨੩ ॥
... ਮੈਂ ਜੇਸਟ ਅਰੁ ਲਾਇਕ ਆਛੇ ।
ਉਚਿਤ ਹੁਤੀ ਗੁਰੁਤਾ ਪਿਤੁ ਪਾਛੇ ॥ ੨੪ ॥
ਸੋ ਤੁਮ ਨੇ ਕਛੁ ਨਹੀਂ ਬਿਚਾਰਯੋ ।
ਭਯੋ ਬ੍ਰਿਧ ਕੈ ਬੁੱਧਿ ਬਲ ਹਾਰਯੋ ॥
ਪਿਤ ਤੌ ਗੁਰੂ ਨਾਮ ਇਕ ਬਨੇ ।
ਮੈਂ ਬਿਵਹਾਰ ਚਲਾਵਤ ਘਨੇ ॥ ੨੫ ॥
... ਕ੍ਰਿਤ ਅਚਾਨਕ ਯਹ ਕਿਆ ਕੀਨ ?
ਤੈਂ ਉਠਿ ਤੁਰਤ ਤਿਲਕ ਕਰਿ ਦੀਨ ॥ ੨੬ ॥
... ਮੈਂ ਨਿਜ ਬਲ ਤੇ ਦਯੋਂ ਉਲਟਾਇ ।
ਤੌ ਤੁਮਰੀ ਕਿਆ ਪਤਿ ਰਹਿ ਜਾਇ ॥ ੨੭ ॥
... ਅਬਿ ਮੈਂ ਕਰਿ ਹੌ ਨਿਜ ਉਤਸਾਹੂ ।
ਛੀਨ ਲੇਹੁੰ ਗਾਦੀ ਤਿਸ ਪਾਹੂ ॥ ੩੨ ॥
ਦਰਬ ਸੁ ਬ੍ਰਿੰਦ ਖਰਚ ਕਰਿ ਲੈ ਹੌਂ ।
ਸਭਿ ਕੀ ਕਰੀ ਉਲਟ ਅਬ ਦੈ ਹੌਂ[1] ॥ ੩੩ ॥

**ਗੁਰੂ-ਪਿਤਾ ਪਾਸ ਫ਼ਰਿਆਦ**

ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਇਸ ਸਮੇਂ ਪ੍ਰਿਥੀ ਚੰਦ ਦੀ ਜੋ ਪ੍ਰਸ਼ਨੋੱਤਰੀ ਗੁਰੂ-ਪਿਤਾ ਨਾਲ ਗੁਰ-ਗੱਦੀ ਦੇ ਸੰਬੰਧ ਵਿਚ ਹੋਈ, ਉਹ ਵੀ ਏਥੇ ਵਿਚਾਰਨ ਜੋਗ ਹੈ :—

ਪ੍ਰਿਥੀਏ ਮਹਾ ਦੇਉ ਨੂੰ ਸਦਿ ਪਿਤਾ, ਤਟਿ ਬਿਠਾਇ ਸਮਝਾਇਆ ।
"ਟਿੱਕਾ ਗੁਰਿਆਈ ਦਾ ਹੈ ਮੱਥੇ ਅਰਜਨ ਦੇ ਲਾਇਆ ।"

[1]ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ, ਰਾਸ਼ਿ ੨, ਅੰਸੂ ੨੨ ।



Digitized by Panjab Digital Library | www.panjabdigilib.org

ਪ੍ਰਿਥੀਆ ਦੁਖ ਕਰਿ ਅਤਿ ਰੋਇਆ :
"ਟਿਕੇ ਦੇ ਵਾਰਿਸ ਆਹੇ ਅਸੀਂ, ਇਹ ਕੀ ਹੋਇਆ" ॥ ੨੭ ॥
ਗੁਰੂ ਰਾਮ ਦਾਸ ਉਠਿ ਬੈਠਾ, ਪ੍ਰਿਥੀਏ ਕੀਤਾ ਜਵਾਬ :
"ਅਰਜਨ ਨਿਕੜਾ, ਅਸੀਂ ਵਡੇ, ਤੂ ਅਸਾਡਾ ਬਾਪ ।
ਅਸਾਂ ਤੇਰੇ ਹੀ ਅਗੇ ਬਿਨਤੀ ਕਰਨੀ ।
ਤੁਸੀਂ ਚਲੇ ਸੁਰ ਪੁਰ ਨੂ, ਅਸੀਂ ਤੀਨੋਂ ਸੁਤ ਤੇਰੀ ਸਰਨੀ" ॥੨੮॥
ਗੁਰੂ ਰਾਮ ਦਾਸ ਬਚਨ ਸਮੇਂ ਚਲਾਣੇ ਇਹ ਕੀਤਾ :
"ਜੋ ਬਚਨ ਵਡਿਆਂ ਦਾ ਮੰਨੇ ਤਿਨ ਹੀ ਜੀਤਾ ।
ਅਰਜਨ ਹੈ ਨਿਕੜਾ, ਮੈਂ ਭੀ ਜਾਣਾ ।
ਤੂੰ ਹੈਂ ਵਡਾ ਬੁਧਿਵਾਨ ਸਿਆਣਾ ॥ ੨੯ ॥
ਇਸ ਨੂ ਮੈਂ ਨਹੀਂ ਦਿਤੀ ਗੁਰਿਆਈ ।
ਇਹ ਥਾਪੀ ਸੀ ਇਸ ਨੂੰ ਨਾਨੇ ਲਾਈ ।
ਮੈਂ ਉਸ ਦਾ ਕੀਤਾ ਮੇਟਿ ਨਹੀਂ ਸਕਿਆ ।
ਇਸ ਵਾਸਤੇ ਇਸ ਨੂੰ ਹੈ ਟਿਕਿਆ[1]" ॥ ੩੦ ॥

ਛਿੱਬਰ ਜੀ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਉਸ ਸਮੇਂ ਤਾਂ ਗੁਰੂ ਜੀ ਦਾ ਹੁਕਮ ਮੰਨ ਗਿਆ ਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਅੱਗੇ ਨਿਉਂ ਵੀ ਗਿਆ, ਪਰ ਪਿੱਛੋਂ ਲਾਲਚ ਦੇ ਕਾਰਣ ਫੇਰ ਉਸੇ ਦੁਵਿਧਾ ਵਿਚ ਫਸ ਗਿਆ ।

ਪ੍ਰਿਥੀ ਚੰਦ ਦਾ ਇਹ ਵਿਰੋਧ ਤੇ ਆਪਣੀ ਸਰੀਰਕ ਕਮਜ਼ੋਰੀ ਵਧਦੀ ਦੇਖ ਕੇ ਗੁਰੂ ਰਾਮਦਾਸ ਜੀ ਕੁਝ ਦੁਵਿਧਾ ਵਿਚ ਪੈ ਗਏ ਤੇ ਅੰਤ ਸਮਾਂ ਨੇੜੇ ਜਾਣ ਸਰੀਰ ਤਿਆਗਣ ਲਈ ਉਨ੍ਹਾਂ ਨੇ ਰਾਮਦਾਸ ਪੁਰ ਦਾ ਨਿਵਾਸ ਛੱਡ ਕੇ ਗੋਇੰਦ-ਵਾਲ ਜਾਣਾ ਹੀ ਯੋਗ ਸਮਝਿਆ । ਭਾਈ ਸੰਤੋਖ ਸਿੰਘ ਜੀ ਵੀ ਇਸ ਸੰਬੰਧ ਵਿਚ ਕੁਝ ਇਉਂ ਲਿਖਦੇ ਹਨ —

---

[1]ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ, ਚਰਣ ਚੌਥਾ ।



Digitized by Panjab Digital Library | www.panjabdigilib.org

ਨਿਕਟਿ ਨ ਰਹਿ ਹੈ ਪ੍ਰਿਥੀਆ ਤਬੈ ।
ਹਮ ਤਨ ਤਜਾਗਨ ਕਰਿ ਹੈਂ ਜਬੈ ।
ਕਰਤਾ ਇਹ ਉਤਪਾਤ ਬਿਸਾਲਾ ।
ਸ੍ਰੀ ਅਰਜਨ ਤੇ ਰਹੈ ਨਿਰਾਲਾ ॥ ੧੫ ॥
ਇਹ ਠਾਂ ਬਨੈ ਨ ਨੀਕੀ ਬਾਤੀ ।
ਗੋਇੰਦਵਾਲ ਚਲਹਿ ਉਠਿ ਪ੍ਰਾਤੀ । ...
ਤੀਰ ਬਿਪਾਸਾ ਚਲਹਿ ਸਮਾਇ । ...

(ਗੁਰੁ ਪ੍ਰਤਾਪ ਸੂਰਜ, ਰਾਸ਼ਿ ੫, ਅੰਸੂ ੨੩)

ਗੁਰੂ ਜੀ ਦੇ ਨਾਲ ਇਸ ਸਮੇਂ ਬੀਬੀ ਭਾਨੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਸਨ ।

**ਗੁਰੂ ਰਾਮਦਾਸ ਜੀ ਗੋਇੰਦਵਾਲ ਜਾਕੇ ਜੋਤੀ ਜੋਤ ਸਮਾਏ**

ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਜਾ ਕੇ ਸਿਰਫ਼ ਇਕ ਰਾਤ ਹੀ ਰਹੇ ਤੇ ਅਗਲੇ ਦਿਨ ਭਾਦੋਂ ਸੁਦੀ ੩, ਸੰਮਤ ੧੬੩੮ ਬਿ: ਨੂੰ ਜੋਤੀ ਜੋਤ ਸਮਾ ਗਏ[1] । ਪਤਾ ਲੱਗਣ ਤੇ ਪ੍ਰਿਥੀ ਚੰਦ ਵੀ ਅਮ੍ਰਿਤਸਰੋਂ ਗੋਇੰਦਵਾਲ ਜਾ ਪੁੱਜਾ ਤੇ ਉਸ ਨੇ ਜਾਂਦਿਆਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੰਕੇਤ ਕਰ ਕੇ ਗੁੱਸੇ ਵਿਚ ਇਹ ਸ਼ਬਦ ਕਹੇ :—

ਗੁਰੁਤਾ ਤਿਲਕ ਭਲੋ ਇਨ ਪਾਯੋ ।
ਦੁਇ ਦਿਨ ਬਿਤੇ ਨ ਬਿਸ ਕੋ ਖ੍ਵਾਯੋ ॥ ੧੧ ॥

---

[1]ਇਕ ਨਿਸ ਬਸਿ ਕੈ ਗੋਇੰਦਵਾਲ ।
ਤਨੁ ਤਜਿ ਗਏ ਬੈਕੁੰਠ ਕ੍ਰਿਪਾਲ ।

(ਗੁਰ ਪ੍ਰਤਾਪ ਸੂਰਜ, ਰਾਸ਼ਿ ੨, ਅੰਸੂ ੨੫)

ਸੋਢੀ ਹਰਿ ਜੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਸੰਮਤ ੧੬੩੯ ਬਿ: ਵਿਚ ਜੋਤੀ ਜੋਤ ਸਮਾਏ ਸਨ । (ਦੇਖੋ, ਗੋਸ਼ਟਾਂ ਮਿਹਰਵਾਨ ਜੀ ਕੀਆਂ, ਗੋਸ਼ਟਿ ਦੂਜੀ)



Digitized by Panjab Digital Library | www.panjabdigilib.org

ਪ੍ਰਿਥੀਏ ਦਾ ਗੁਰੂ ਅਰਜਨ ਦੇਵ ਜੀ ਉੱਤੇ ਦੋਸ਼

ਪੁਜਵਾਵਨ ਕੋ ਲਾਲਚ ਕਰਿ ਕੈ।
ਮਾਰਜੋ ਪਿਤਾ ਕਪਟ ਕੋ ਧਰਿ ਕੈ।
ਇਸ ਬਿਧਿ ਤੇ ਨਹਿ ਗੁਰੁ ਬਨ ਜੈ ਹੈ।
ਘੋਰ ਪਾਪ ਕੋ ਫਲੁ ਇਹੁ ਪੈ ਹੈ ॥੧੨॥

(ਗੁਰ ਪ੍ਰਤਾਪ ਸੂਰਜ, ਰਾਸ਼ਿ ੨, ਅੰਸ਼ੂ ੨੫)

ਇਹ ਸੁਣ ਕੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਪੁਤ੍ਰ ਮੋਹਰੀ ਜੀ ਨੇ, ਜੋ ਰਿਸ਼ਤੇ ਵਿਚ ਇਨ੍ਹਾਂ ਦੇ ਮਾਮਾ ਜੀ ਸਨ, ਪ੍ਰਿਥੀਚੰਦ ਨੂੰ ਇਸ ਤਰ੍ਹਾਂ ਚਿੱਕੜ ਉਛਾਲਣੋਂ ਰੋਕਿਆ, ਪਰ ਉਹ ਰੁਕਣ ਵਾਲਾ ਨਹੀਂ ਸੀ। ਛੇਕੜ ਦਸਤਾਰਬੰਦੀ ਸਮੇਂ ਗੁਰਿਆਈ ਦੀ ਪੱਗ ਤਾਂ ਨਾਨਕਿਆਂ ਵਲੋਂ ਗੁਰੂ ਅਰਜਨ ਜੀ ਨੂੰ ਮਿਲੀ ਤੇ ਵਡੱਪਣ ਦੀ ਪੱਗ ਗੁਰੂ ਅਰਜਨ ਜੀ ਦੇ ਕਹਿਣ ਤੇ ਪ੍ਰਿਥੀ ਚੰਦ ਨੂੰ ਬੰਨ੍ਹਾਈ ਗਈ। ਭਾਈ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਇਸੇ ਤਰ੍ਹਾਂ ਦੋ ਪੱਗਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁਤ੍ਰ ਬਾਬਾ ਸ੍ਰੀ ਚੰਦ ਜੀ ਨੇ ਪਿੰਡ ਬਾਰਠ (ਜ਼ਿਲਾ ਗੁਰਦਾਸ ਪੁਰ) ਤੋਂ ਭੇਜੀਆਂ :—

ਦਸਤਾਰਬੰਦੀ ਦੀ ਰਸਮ

ਸ੍ਰੀ ਚੰਦ ਜੀ ਦੋਇ ਪੱਗ ਭਿਜਵਾਈ।
ਇਕ ਪ੍ਰਿਥੀਏ ਨੂੰ ਇਕ ਅਰਜਨ ਨੂੰ ਆਈ।
ਮਰਨੇ ਦੀ ਪੱਗ ਪ੍ਰਿਥੀਏ ਬੱਧੀ।
ਗੁਰਿਆਈ ਦੀ ਪੱਗ ਅਰਜਨ ਲੱਧੀ ॥ ੩੫ ॥

(ਬੰਸਾਵਲੀ ਨਾਮਾ, ਚਰਣ ਚੌਥਾ)

ਇਸ ਰਸਮ ਤੋਂ ਬਾਦ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਤੋਂ ਸ੍ਰੀ ਅਮ੍ਰਿਤਸਰ ਵਾਪਿਸ ਪਰਤ ਗਏ।

## ੩. ਪ੍ਰਿਥੀ ਚੰਦ ਤੇ ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਪ੍ਰਿਥੀ ਚੰਦ ਦਾ ਇਹ ਵਿਰੋਧ ਕੋਈ



Digitized by Panjab Digital Library | www.panjabdigilib.org

**ਪਰਿਵਾਰਿਕ ਵਿਰੋਧ**

ਅਜੋਕਾ ਨਹੀਂ, ਸਗੋਂ ਚਿਰੋਕਾ ਸ਼੍ਰੀ ਗੁਰੂ ਅਮਰ ਦਾਸ ਜੀ ਦੇ ਸਮੇਂ ਤੋਂ ਹੀ ਚਲਿਆ ਆ ਰਿਹਾ ਸੀ। ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ-ਗੱਦੀ ਮਿਲੀ ਤਾਂ ਇਹ ਵਿਰੋਧ ਹੋਰ ਵੀ ਵਧਿਆ ਤੇ ਚਮਕ ਉਠਿਆ, ਜਿਵੇਂ ਕਿ ਕੇਸਰ ਸਿੰਘ ਛਿੱਬਰ ਬੰਸਾਵਲੀ ਨਾਮੇ ਵਿਚ ਲਿਖਦਾ ਹੈ :—

ਆਪਸ ਵਿਚ ਹੈ ਸੀ ਸਭਨਾ ਸੁਖ ਪਿਆਰ।
ਰਹੇ ਇਕਠਾ ਸਭ ਪਰਿਵਾਰ ॥ ੬ ॥
ਦੁਬਿਧਾ ਉਠੀ ਤਬ ਵਿਚ ਪਰਿਵਾਰ।
ਕਰ ਰਹੇ ਜਤਨ ਨਾ ਨਿਵਾਰੀ ਜਾਇ, ਰਹੇ ਨਿਵਾਰ ॥੭॥
ਮਾਈਆਂ ਵਿਚ ਸੁਲਗੀ ਦੁਬਿਧਾ ਦੀ ਆਗਿ।
ਟਿੱਕਾ ਗੁਰੂ ਅਰਜਨ ਨੂ ਹੋਇਆ ਜਬ।
ਬੋਲੀ ਠਠੋਲੀ ਹੋਂਦੀ ਰਹੇ।
ਮਾਤਾ ਰਾਮ ਦੇਵੀ ਸਾਹਿਬ ਨੂ ਕਹੇ ॥ ੮ ॥
"ਏਹ ਮੇਰੇ ਨਾਲ ਕਰਦੀਆਂ ਹੈਨ ਬੋਲੀ :
ਵਡੇ ਹਾਂ ਅਸੀਂ, ਗੁਰਿਆਈ ਅਸਾਡੀ,
ਤੂੰ ਕਉਣ ਅਸਾਡੀ ਗੋਲੀ।"

ਏਸ ਵਿਰੋਧ ਵਿਚ ਕੁਝ ਠੰਢ ਵਰਤਾਉਣ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਤੋਂ ਛੇ-ਸੱਤ ਮਹੀਨੇ ਪਹਿਲਾਂ ਸੰਮਤ ੧੬੩੮ ਬਿ:[1] ਨੂੰ ਪ੍ਰਿਥੀ ਚੰਦ ਦੇ ਘਰ ਪੁਤ੍ਰ ਪੈਦਾ ਹੋਇਆ, ਜਿਸ ਦਾ ਨਾਉਂ ਮਨੋਹਰ ਦਾਸ ਉਰਫ਼ ਮਿਹਰਵਾਨ

---

[1]ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਮਿਹਰਵਾਨ ਦਾ ਜਨਮ ਸੰਮਤ ੧੬੨੬ ਬਿ. ਵਿਚ ਹੋਇਆ ਸੀ :

ਸੰਮਤ ਸੋਲਾਂ ਸੈ ਛਬੀ, ਪ੍ਰਿਥੀਏ ਘਰਿ ਪੁਤ੍ਰ ਜੰਮਿਆ।
ਨਾਉਂ ਮਿਹਰਵਾਨ ਕਰ ਮੰਨਿਆ।

(ਦੇਖੋ, ਬੰਸਾਵਲੀ ਨਾਮਾ, ਚਰਣ ਪੰਜਵਾਂ)



Digitized by Panjab Digital Library | www.panjabdigilib.org

ਰੱਖਿਆ ਗਿਆ। ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਬੱਚੇ ਨਾਲ ਬੜਾ ਦਿਲੀ ਸਨੇਹ ਰਖਦੇ ਸਨ। ਪ੍ਰਿਥੀ ਚੰਦ ਇਸ ਗੱਲੋ ਉਪਰਲੇ ਦਿਲੋਂ ਖ਼ੁਸ਼ ਸੀ, ਪਰ ਅੰਦਰ ਉਸ ਦੇ ਦਿਲ ਵਿਚ ਉਹੋ ਗੁਰ-ਗੱਦੀ ਹਥਿਆਉਣ ਦੀ ਭਾਹ ਭੜਕਦੀ ਸੀ।

**ਸੋਢੀ ਮਿਹਰਵਾਨ ਦਾ ਜਨਮ**

ਸੋਢੀ ਹਰਿ ਜੀ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਵਾਂਗੁ ਹੀ ਉਸ ਦਾ ਪੁਤ੍ਰ ਮਿਹਰਵਾਨ ਵੀ ਬੜਾ ਚੈਤੰਨ ਤੇ ਬੁੱਧੀਵਾਨ ਸੀ। 'ਗੋਸ਼ਟਾਂ ਮਿਹਰਵਾਨ ਜੀ ਕੀਆਂ' ਦੇ ਅਨੁਸਾਰ ਉਸ ਦੇ ਬੌਧਕ ਵਿਕਾਸ ਦਾ ਸਾਲ-ਕ੍ਰਮ ਦੇ ਅਨੁਸਾਰ ਕੁਝ ਕੁ ਲੋੜੀਂਦਾ ਵੇਰਵਾ ਇਸ ਪ੍ਰਕਾਰ ਹੈ :—

**ਮਿਹਰਵਾਨ ਦਾ ਕ੍ਰਮਿਕ ਵਿਕਾਸ ਤੇ ਸੁਭਾਉ**

"ਤਬ ਗੁਰੂ ਮਿਹਰਿਵਾਨੁ ਛਿਆ-ਸਤਾ ਬਰਸਾ ਕਾ ਭਇਆ, ਤਬ ਅੰਤਰ ਧਿਆਨੁ ਕਰਿ ਕਰਿ ਆਦਿ ਹੀ ਚੇਤੰਨ ਥਾ, ਪਰ ਦੇਹੀ ਕੇ ਗੁਣ ਕਰਿ ਕਰਿ ਚੇਤੰਨੁ ਭਇਆ। ਪੋਥੀ-ਸਬਦਿ ਸਾਥਿ ਪ੍ਰੀਤਿ ਉਪਜੀ। ਜਬ ਅਠਾ ਬਰਸਾ ਕਾ ਭਇਆ ਤਬ ਬਾਲ ਸੁਭਾਇ ਸਭਨਾ ਨੀਗਰਾਂ ਸਾਥਿ ਖੇਲੀਐ। ...... ਜਬ ਬਾਰਾਂ-ਤੇਰਾਂ ਬਰਸਾਂ ਕਾ ਭਇਆ ਤਬ ਤਪਸਿਆ ਅਰੰਭੀ ਅਰੁ ਕੁਟੰਬ ਸੰਸਾਰ ਤੇ ਛਪਿ ਕਰਿ ਤਪਸਿਆ ਭਗਤਿ ਦਾਨੁ ਪੁੰਨੁ ਕਰੇ, ਤੀਰਥੀ ਗੁਝੇ ਹੀ ਆਪਣੇ ਟਹਿਲੀਏ ਮਾਇਆ ਦੇ ਕੈ ਪੁਰਬੀਆ ਨੂ ਭੇਜਿਆ ਕਰੈ, ਮਿਲਨਿ ਤੀਰਥੀ ਜਾਇ ਦੇ ਆਵਹਿ ਬ੍ਰਾਹਮਣਾ ਨੋ ਅਰੁ ਏਹੁ ਬਾਤ ਕਿਸੇ ਨੋ ਬਾਹਰਿ ਪ੍ਰਗਟਿ ਸੁਣਾਈਐ ਨਾਹੀ, ਪਰ ਬਾਸਨਾ ਛਪਾਈ ਛਪੇ ਨਾਹੀ।... ਪੋਥੀ ਨਾਲਿ ਦਿਨੁ ਰਾਤਿ ਪ੍ਰੀਤਿ ਪਿਆਰ ਅਰੁ ਉਦਾਸੀ ਕੇ ਘਰਿ ਰਹੀਐ।"...

ਪ੍ਰਿਥੀ ਚੰਦ ਨੇ ਆਪਣੇ ਪੁਤ੍ਰ ਮਿਹਰਵਾਨ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ, ਅਰਬੀ ਤੇ ਹੋਰ ਦੇਸੀ ਬੋਲੀਆਂ ਪੜ੍ਹਾ-ਲਿਖਾ ਕੇ ਧਰਮ, ਦਰਸ਼ਨ, ਨੀਤੀ ਵਿਦਿਆ ਆਦਿ ਵਿਚ ਹਰ ਤਰ੍ਹਾਂ ਨਿਪੁਣ ਕੀਤਾ, ਤੇ ਨਾਲ ਹੀ ਗੁਰ-ਬਾਣੀ ਤੇ ਸਿੱਖ-ਇਤਿਹਾਸ (ਜਨਮਸਾਖੀਆਂ ਆਦਿ) ਦਾ ਗਹਿਰਾ ਅਧਿਐਨ ਵੀ ਕਰਵਾਇਆ। ਇਸ ਤੋਂ ਬਿਨਾ ਸੰਸਾਰਿਕ ਤੇ ਵਿਹਾਰਕ ਗੱਲਾਂ ਦੀ ਜਾਚ ਵੀ ਸਿਖਾਈ ਤੇ ਉਸ ਨੂੰ



Digitized by Panjab Digital Library | www.panjabdigilib.org

ਗੁਰੂ-ਦਰਬਾਰ ਦੇ ਪ੍ਰਬੰਧ ਵਿਚ ਹਮੇਸ਼ਾ ਆਪਣੇ ਨਾਲ ਰੱਖਿਆ। ਮਿਹਰਵਾਨ ਜੀ ਦਾ ਸੰਗੀਤ ਵਿਦਿਆ ਨਾਲ ਹਾਰਦਿਕ ਸਨੇਹ ਸੀ, ਗੁਰਬਾਣੀ ਦੀ ਕਥਾ ਤੇ ਕੀਰਤਨ ਉਸ ਦੇ ਜੀਵਨ ਦੇ ਅੰਗ ਸਨ।

ਪ੍ਰਿਥੀ ਚੰਦ ਇਸ ਤਰ੍ਹਾਂ ਘਰ ਵਿਚ ਯੋਗ ਪੁਤ੍ਰ ਹੋਣ ਕਰਕੇ ਬੜਾ ਖ਼ੁਸ਼ ਕਿਸਮਤ ਸੀ, ਪਰ ਗੁਰ-ਗੱਦੀ ਦਾ ਲਾਲਚ ਉਸ ਦੀ ਇਸ ਖ਼ੁਸ਼ੀ ਨੂੰ ਦੂਜੇ ਵੰਨੇ ਕਿਰਕਿਰੀ ਕਰ ਰਿਹਾ ਸੀ ਤੇ ਮਿਹਰਵਾਨ ਦੇ ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਅਪਾਰ ਸਨੇਹ ਵੀ ਇਸ ਵੰਨੇ ਰੋਕ ਨਾ ਪਾ ਸਕਿਆ। ਸੋ ਇਸ ਸੰਬੰਧ ਵਿਚ ਪ੍ਰਿਥੀ ਚੰਦ ਨੇ ਆਪਣੇ ਛੋਟੇ ਭਾਈ ਮਹਾਦੇਵ ਨੂੰ ਵੀ, ਜੋ ਬੜਾ ਸਰਲ ਸੁਭਾਉ ਦਾ ਵਿਅਕਤੀ ਸੀ, ਆਪਣੇ ਨਾਲ ਰਲਾ ਲਿਆ ਤੇ ਅਮ੍ਰਿਤਸਰ ਤੋਂ ਬਾਹਰ ਚੁਫੇਰੇ ਆਉਂਦੀਆਂ ਜਾਂਦੀਆਂ ਸੰਗਤਾਂ ਦੀ ਕਾਰ-ਭੇਟ ਰੋਕਣ ਲਈ ਉਸ ਨੇ ਪਹਿਰੇ ਲਗਾ ਦਿੱਤੇ, ਜਿਸ ਦਾ ਅਸਰ ਇਹ ਹੋਇਆ ਕਿ 'ਗੁਰੂ ਕਾ ਲੰਗਰ' ਥੋੜੇ ਦਿਨਾਂ ਪਿੱਛੋਂ ਹੀ ਮਸਤਾਨਾ ਰਹਿਣ ਲੱਗ ਪਿਆ; ਤੇ ਦੂਜਾ ਜਤਨ ਪ੍ਰਿਥੀ ਚੰਦ ਨੇ ਇਹ ਕੀਤਾ ਕਿ ਸ਼ਾਹੀ ਹਾਕਮਾਂ ਤੇ ਮੁਸਲਮਾਨ ਸੂਫੀਆਂ ਨਾਲ ਮੇਲ-ਜੋਲ ਰੱਖਣਾ ਸ਼ੁਰੂ ਕੀਤਾ ਤਾਕਿ ਜੇ ਇਸ ਕੰਮ ਵਿਚ ਉਨ੍ਹਾਂ ਦੀ ਮਦਦ ਦੀ ਲੋੜ ਪਵੇ ਤਾਂ ਉਹ ਵੀ ਵਰਤ ਕੇ ਦੇਖ ਲਈ ਜਾਵੇ। ਭਾ: ਈਸ਼ਰ ਦਾਸ ਭੱਲੇ ਦੇ ਪੁਤ੍ਰ ਭਾਈ ਗੁਰਦਾਸ ਨੇ, ਜੋ ਉਸ ਸਮੇਂ ਬੜੇ ਉੱਚੇ ਦਰਜੇ ਦਾ ਹਿੰਦੀ-ਪੰਜਾਬੀ ਦਾ ਕਵੀ ਸੀ ਤੇ ਰਿਸ਼ਤੇ ਵਿਚ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਮਾਮਾ ਲਗਦਾ ਸੀ, ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਆਪਣਾ ਰਸੂਖ਼ ਵਰਤਿਆ ਤੇ ਜਤਨ ਕਰ ਕੇ ਕਈ ਪਾਸਿਆਂ ਤੋਂ ਆਉਂਦੀਆਂ-ਜਾਂਦੀਆਂ ਸੰਗਤਾਂ ਦੀ ਕਾਰ-ਭੇਟ ਗੁਰੂ ਕੇ ਲੰਗਰ ਲਈ ਸੰਭਾਲ ਲਈ, ਪਰ ਨੀਚ ਪ੍ਰਕ੍ਰਿਤੀ ਦੇ ਸ਼ਾਹੀ ਹਾਕਮਾਂ ਨੂੰ, ਜੋ ਉਸ ਸਮੇਂ ਰਿਸ਼ਵਤਾਂ ਲੈ ਕੇ ਪ੍ਰਿਥੀਏ ਦਾ ਹੁੰਗਾਰਾ ਭਰ ਰਹੇ ਸਨ, ਕਾਬੂ ਕਰਨਾ ਉਸ ਦੀ ਤਾਕਤ ਤੋਂ ਬਾਹਰ ਦੀ ਗੱਲ ਸੀ।

### ਗੁਰੂ ਅਰਜਨ ਤੋਂ ਵਿਰੁੱਧ ਪ੍ਰਿਥੀ ਚੰਦ ਦੇ ਮੁੱਢਲੇ ਯਤਨ

ਗ਼ਾਲਬਨ ਇਸੇ ਹੀ ਸਮੇਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਲਾਹੌਰ ਦਾ ਸਾਹੀ ਖਤ੍ਰੀ ਚੰਦੂ, ਜੋ ਬਾਦਸਾਹ ਜਹਾਂਗੀਰ ਦਾ ਮੁਤਸੱਦੀ ਸੀ, ਅਚਾਣਕ ਵਿਰੋਧ ਕਰਨ ਲੱਗ ਪਿਆ। ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਸੰਮਤ



Digitized by Panjab Digital Library | www.panjabdigilib.org

**ਚੰਦੂ ਸਾਹੀ ਦੀ ਧੀ ਦਾ ਰਿਸ਼ਤਾ**

੧੬੩੫ ਬਿ: ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, ਜਦੋਂ ਉਹ ਅਜੇ ਗੁਰੂ ਨਹੀਂ ਸਨ ਬਣੇ, ਚੰਦੂ ਸ਼ਾਹੀ ਦੀ ਧੀ ਦਾ ਰਿਸ਼ਤਾ ਆਇਆ ਸੀ, ਪਰ ਹੋਰ ਸਿੱਖ ਇਤਿਹਾਸਕਾਰ ਲਿਖਦੇ ਹਨ ਕਿ ਇਹ ਰਿਸ਼ਤਾ ਗੁਰੂ ਰਾਮਦਾਸ ਜੀ ਦੇ ਸਮੇਂ ਨਹੀਂ, ਸਗੋਂ ਇਸਤੋਂ ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਉਨ੍ਹਾਂ ਦੇ ਸੁਪੁਤ੍ਰ ਸ੍ਰੀ ਹਰਿ ਗੋਬਿੰਦ ਜੀ ਨੂੰ ਆਇਆ ਸੀ[1] । ਖ਼ੈਰ, ਕੁਝ ਵੀ ਹੋਵੇ, ਗੁਰੂ ਜੀ ਦੇ ਇਹ ਰਿਸ਼ਤਾ ਲੈਣ ਤੋਂ ਇਨਕਾਰੀ ਹੋਣ ਕਰਕੇ ਗੁਰੂ-ਘਰ ਨਾਲ ਚੰਦੂ ਸਾਹੀ ਦਾ ਵਿਰੋਧ ਵਧ ਗਿਆ ਤੇ ਉਸ ਦੇ ਕਈ ਹੋਰ ਸੰਬੰਧੀ ਕਾਨ੍ਹਾ, ਮੁਤਸੱਦੀ ਆਦਿ ਵੀ ਗੁਰੂ ਜੀ ਦੇ ਵਿਰੋਧੀ ਬਣ ਗਏ[2] । ਪ੍ਰਿਥੀ ਚੰਦ ਨੇ ਗ਼ਾਲਬਨ ਇਸੇ ਸਮੇਂ ਚੰਦੂ ਸਾਹੀ ਨਾਲ ਗੁਪਤ ਤੌਰ ਤੇ ਮੇਲ-ਜੋਲ ਗੰਢਣਾ ਸ਼ੁਰੂ ਕਰ ਦਿੱਤਾ, ਪਰ ਉਹ ਇਸ ਸੰਬੰਧ ਵਿਚ ਪਹਿਲੀ ਵੇਰ ਲਾਹੌਰ ਕਦ ਗਿਆ, ਇਸ ਬਾਰੇ ਸਹੀ ਤੌਰ ਤੇ ਕੁਝ ਕਿਹਾ ਨਹੀਂ ਜਾ ਸਕਦਾ ।

**ਗੁਰੂ ਅਰਜਨ ਬਾਸਰਕੀ ਗਏ ਤੇ ਪ੍ਰਿਥੀਏ ਨੇ ਪਿੱਛਾ ਕੀਤਾ**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਦਰ ਖ਼ਾਨਿਓ ਜਦ ਇਹ ਪਰਿਵਾਰਿਕ ਵਿਰੋਧ ਦੇਖਿਆ ਤਾਂ ਝੱਲ ਨਾ ਸਕੇ ਤੇ ਅਮ੍ਰਿਤਸਰ ਦਾ ਵਸੇਬਾ ਛੱਡ ਕੇ ਕੁਝ ਚਿਰ ਲਈ ਬਾਸਰਕੀ ਆਪਣੀ ੧੨ ਪਿੰਡਾਂ ਦੀ ਜਾਗੀਰ ਵਿਚ ਜਾ ਰਹੇ । ਪਤਾ ਲੱਗਣ ਤੇ ਪ੍ਰਿਥੀ ਚੰਦ ਵੀ ਪਿੱਛਾ ਕਰਦਾ ਹੋਇਆ ਪਰਿਵਾਰ ਸਮੇਤ ਉਥੇ ਹੀ ਜਾ ਪੁੱਜਾ । ਭਾਈ ਕੇਸਰ ਸਿੰਘ ਛਿੱਬਰ ਇਸ ਸੰਬੰਧ ਵਿਚ ਇਸ ਤਰ੍ਹਾਂ ਲਿਖਦਾ ਹੈ :—

ਗੁਰੂ ਅਰਜ਼ਨ ਉਥੋਂ ਚੱਲ ਕੇ ਬਾਸਰਕੀ ਆਇ ਰਹੇ ।
ਏਹ ਬਾਰਾਂ ਪਿੰਡ ਗੁਰੂ ਕੇ ਹੈਨ ਕਹੇ ।। ੯ ।।
ਜਨਾਨੀਆਂ ਦੀ ਦੁਬਿਧਾ ਕਰਿ ਜੁਦਾ ਭਏ ।

---

[1] ਗੁਰ ਬਿਲਾਸ ਪਾਤਸਾਹੀ ੬ (ਕ੍ਰਿਤ ਕਵੀ ਸੋਹਨ), ਸੰਮਤ ੧੭੭੫ ਬਿ: ।
[2] ਮੁਨਸ਼ੀ ਖ਼ੁਸ਼ਵਕ਼ਤ ਰਾਇ, ਤ੍ਵਾਰੀਖਿ ਸਿੱਖਾਂ (ਫ਼ਾਰਸੀ, ਕ਼ਲਮੀ ਨੁਸਖ਼ਾ) ।



Digitized by Panjab Digital Library | www.panjabdigilib.org

ਪ੍ਰਿਥੀਏ ਕੇ ਭੀ ਸਭੇ ਉਥੇ ਹੀ ਆਇ ਗਏ ।
ਮੂਲ ਬਰਕਤ ਦਾ ਟਿੱਕਾ ਹੈ ਸੀ ਗੁਰਿਆਈ ।
ਜਿਥੈ ਹੋਵੈ ਗੁਰੂ ਸੰਗਤਿ ਭੀ ਓਥੇ ਹੀ ਜਾਈ[1] ॥੧੦॥

ਸੰਮਤ ੧੬੩੯ ਬਿ: ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਮਾਤਾ ਖੀਵੀ ਦਾ ਦੇਹਾਂਤ ਹੋਣ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਸਰਕੀ ਤੋਂ ਖਡੂਰ ਸਾਹਿਬ ਉਸ ਦੀ ਮੁਕਾਣ ਦੇਣ ਵਾਸਤੇ ਗਏ ਤੇ ਉਥੇ ਜਾ ਕੇ ਦਾਸੂ ਜੀ ਨੂੰ ਪੱਗ ਬੰਨ੍ਹਵਾਈ। ਇਸ ਤੋਂ ਪਿੱਛੋਂ ਪ੍ਰਿਥੀਏ ਦੀ ਵਿਰੋਧਤਾ ਤੋਂ ਬਚਣ ਲਈ ਆਪ ਬਾਸਰਕੀ ਦੀ ਥਾਵੇਂ ਗੋਇੰਦਵਾਲ ਜਾ ਪੁੱਜੇ। ਪਤਾ ਲੱਗਣ ਤੇ ਪ੍ਰਿਥੀ ਚੰਦ ਵੀ ਪਰਿਵਾਰ ਸਮੇਤ ਪਿੱਛਾ ਕਰਦਾ ਹੋਇਆ ਉਥੇ ਹੀ ਜਾ ਪਹੁੰਚਿਆ। ਇਹ ਹਾਲ ਦੇਖ ਕੇ ਭਾਵੇਂ ਬਾਬਾ ਮਿਹਰ ਚੰਦ ਤੇ ਮਾਣਕ ਚੰਦ ਬੇਦੀ ਨੇ ਉਸ ਨੂੰ ਬਹੁਤ ਸਮਝਾਇਆ ਕਿ ਉਹ ਗੁਰੂ ਜੀ ਦੀ ਵਿਰੋਧਤਾ ਨਾ ਕਰੇ, ਪਰ ਅੱਗੋਂ ਪ੍ਰਿਥੀ ਚੰਦ ਨੇ ਇਸ ਨਸੀਹਤ ਦੀ ਏਨੀ ਪਰਵਾਹ ਨਾ ਕੀਤੀ ਤੇ ਗੋਇੰਦ-ਵਾਲ ਜਾ ਕੇ ਵੀ ਉਸ ਨੇ ਲੜਾਈ-ਝਗੜੇ ਦਾ ਛੇੜ ਛੇੜ ਦਿੱਤਾ।

**ਬਾਸਰਕੀ ਤੋਂ ਖਡੂਰ ਤੇ ਗੋਇੰਦਵਾਲ**

ਸ਼ਾਂਤਿ-ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਇਹ ਖਟਪਟੀ ਕਦ ਸਹਾਰ ਸਕਦੇ ਸਨ, ਇਸ ਲਈ ਉਹ ਪਰਿਵਾਰ ਸਮੇਤ ਗੋਇੰਦਵਾਲੋਂ ਚੱਲ ਕੇ ਪਹਿਲਾਂ 'ਵਡਾਲੀ' ਤੇ ਫੇਰ 'ਰਾਮਦਾਸ ਪੁਰ' ਜਾ ਰਹੇ। ਗੁਰੂ ਜੀ ਨੇ ਇਸ ਸਮੇਂ ਸਿੱਖ-ਧਰਮ ਦਾ ਮੁਖ ਕੇਂਦ੍ਰ ਕਾਇਮ ਕਰਨ ਲਈ 'ਰਾਮਦਾਸ ਪੁਰ' ਰਹਿ ਕੇ ਸੰਮਤ ੧੬੪੨ ਤੋਂ ੧੬੪੫ ਤਕ 'ਅਮ੍ਰਿਤ ਸਰੋਵਰ' ਤੇ 'ਸੰਤੋਖ ਸਰ' ਦੀ ਕਾਰ ਸੇਵਾ ਕਰਵਾਈ ਤੇ 'ਸ੍ਰੀ ਰਾਮਦਾਸ ਪੁਰ' ਨਗਰ ਵਸਾਇਆ। ਇਹ ਵਸਤੀ ਪਹਿਲਾਂ ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, 'ਗੁਰੂ ਚੱਕ' ਸੀ ਫੇਰ ਗੁਰੂ ਰਾਮਦਾਸ ਦੇ ਨਾਂ ਤੇ 'ਰਾਮਦਾਸ ਪੁਰ' ਬਣੀ ਤੇ ਪਿੱਛੋਂ 'ਅਮ੍ਰਿਤਸਰ' ਵਿਚ ਤਬਦੀਲ ਹੋ ਗਈ।

**ਅਮਿਤ ਸਰੋਵਰ ਤੇ ਸੰਤੋਖ ਸਰ**

---

[1]ਕੇਸਰ ਸਿੰਘ, ਛਿਬਰ, ਬੰਸਾਵਲੀ ਨਾਮਾ, ਚਰਣ ਪੰਜਵਾਂ।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਅਮ੍ਰਿਤ-ਸਰੋਵਰ ਦਾ ਨਾਂ ਵੀ ਪਹਿਲਾਂ ਸ੍ਰੀ ਗੁਰੂ ਅਮਰ ਦਾਸ ਜੀ ਦੇ ਨਾਂ ਤੇ ਨਿਰਾ 'ਅਮਰ ਸਰ' ਹੀ ਸੀ, ਪਰ ਫੇਰ ਅਮ੍ਰਿਤਸਰ ਬਦਲ ਕੇ ਇਸੇ ਨਾਂ ਤੇ ਸ਼ਹਿਰ ਦਾ ਨਾਮ ਵੀ 'ਅਮ੍ਰਿਤਸਰ' ਹੀ ਪ੍ਰਸਿੱਧ ਹੋ ਗਿਆ। (ਦੇਖੋ, ਮੁਨਸ਼ੀ ਸੋਹਨ ਲਾਲ ਸੂਰੀ ਕ੍ਰਿਤ ਉਮਦਾਤੁੱ ਤ੍ਵਾਰੀਖ਼, ਦਫ਼ਤਰ ਅੱਵਲ, ਸਫ਼ਾ ੨੮)

## ਅਮ੍ਰਿਤਸਰ ਦੀ ਆਬਾਦੀ

ਇਸ ਨਗਰ ਵਿਚ ਵੱਸਣ ਲਈ ਪਹਿਲੇ ਪਹਿਲ ਜੋ ਵਪਾਰੀ ਲੋਕ ਲਿਆਂਦੇ ਗਏ, ਉਹ ਬਹੁਤਾ ਸੌਦਾ ਨਾ ਵਿਕਣ ਕਰ ਕੇ ਪਛੁਤਾਉਂਦੇ ਸਨ, ਜਿਸ ਕਰਕੇ ਕਵਿਰਾਜ ਭਾਈ ਸੰਤੋਖ ਸਿੰਘ ਜੀ ਉਨ੍ਹਾਂ ਵਪਾਰੀਆਂ ਬਾਰੇ ਗੁਰ ਪ੍ਰਤਾਪ ਸੂਰਜ (ਰਾਸ਼ਿ ੨, ਅੰਸ਼ੂ ੫੪) ਵਿਚ ਇਸ ਤਰ੍ਹਾਂ ਲਿਖਦੇ ਹਨ :—

ਬਨਿਕ ਅਨੇਕ ਬਸੇ ਪੁਰਿ ਆਈ।
ਬੈਠੇ ਕਰਿ ਦੁਕਾਨ ਸਮੁਦਾਈ।
ਸਰਬ ਭਾਂਤਿ ਕੋ ਸੌਦਾ ਲੈ ਕੈ।
ਹੇਤੁ ਜੀਵਿਕਾ ਇੱਛਾ ਕੈ ਕੈ ॥ ੨੭ ॥
ਸਕਲ ਕੁਟੰਬਦਾਰ ਹਮ ਅਹੈਂ।
ਸਭਿਹਿਨਿ ਕੇਰ ਗੁਜਾਰੇ ਚਹੈਂ।
ਜਬ ਤੇ ਖੋਲੀ ਆਨਿ ਦੁਕਾਨ।
ਬੈਠੇ ਰਹੈਂ ਪ੍ਰਤੀਖਨਵਾਨ ॥ ੨੮ ॥
ਨਹੀਂ ਖਰੀਦ ਕਰਨ ਕੋ ਆਵੈ।
ਸੌਦਾ ਅਲਪ ਕਹੂੰ ਬਿਕ ਜਾਵੈ।
ਯਾਂ ਤੇ ਨਹਿ ਪਰਿਵਾਰ ਗੁਜਾਰਾ।
ਜਿਸ ਤੇ ਸਭ ਕੋ ਬਨੈ ਅਹਾਰਾ ॥੨੯॥

ਇਸ ਦੇ ਨਾਲ ਹੀ ਕਵੀ ਸੰਤੋਖ ਸਿੰਘ ਨੇ ਕੱਚੇ ਮਕਾਨਾਂ ਦੇ ਢਹਿ ਢੇਰੀ ਹੋ ਕੇ ਡਿੱਗਣ ਦਾ ਜ਼ਿਕਰ ਵੀ ਗੁਰ ਪ੍ਰਤਾਪ ਸੂਰਜ ਵਿਚ ਕੀਤਾ ਹੈ :—

ਸਦਨ ਗਿਰੈਂ ਤਬ ਊਜਰ ਜੈ ਹੈਂ।
ਬਸਨਹਾਰ ਇਤ ਉਤ ਦੁਖ ਪੈ ਹੈਂ।



Digitized by Panjab Digital Library | www.panjabdigilib.org

**ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੱਤਕ ਸੁਦੀ ੫, ਸੰਮਤ ੧੬੪੫ ਬਿ: ਨੂੰ ਪ੍ਰਸਿੱਧ ਤੀਰਥ ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ ਲਾਹੌਰ ਦੇ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਦੇ ਹੱਥੀਂ ਰਖਵਾਈ[1], ਜਿਸ ਤੋਂ ਉਨ੍ਹਾਂ ਦਾ ਭਾਵ ਇਹੋ ਸੀ ਕਿ ਇਹ ਦਰਬਾਰ, ਮਜ਼ਹਬੀ ਜਾਂ ਸੰਪ੍ਰਦਾਇਕ ਏਕਤਾ ਨੂੰ ਮੁੱਖ ਰੱਖ ਕੇ ਹਿੰਦੂ-ਮੁਸਲਮਾਨ ਆਦਿ ਸਭ ਦਾ ਸਾਂਝਾ ਹੋਵੇਗਾ ਤੇ ਰੋਕ-ਟੋਕ ਕੋਈ ਨਹੀਂ ਹੋਵੇਗੀ।

**ਪ੍ਰਿਥੀਏ ਹੋਰਾਂ ਦੇ ਮਨਸੂਬੇ**

ਗੁਰੂ ਰਾਮਦਾਸ ਦੀ ਨਗਰੀ ਵਿਚ ਏਨ੍ਹੀਂ ਦਿਨੀਂ ਇਕ ਪਾਸੇ ਤਾਂ ਸਿੱਖ-ਪੰਥ ਦੀਆਂ ਨੀਹਾਂ ਪੱਕੀਆਂ ਕਰਨ ਲਈ ਕਈ ਉਸਾਰੂ ਵਿਉਂਤਾਂ ਬਣਾਈਆਂ ਜਾ ਰਹੀਆਂ ਸਨ ਤੇ ਦੂਜੇ ਪਾਸੇ ਪ੍ਰਿਥੀ ਚੰਦ ਹੋਰੀਂ ਗੁਰਿਆਈ ਉਤੇ ਕਾਬੂ ਪਾਉਣ ਲਈ ਕੁਝ ਹੋਰ ਹੀ ਮਨਸੂਬੇ ਬਣਾਈ ਬੈਠੇ ਸਨ ਤੇ ਉਨ੍ਹਾਂ ਦੀਆਂ ਜ਼ਨਾਨੀਆਂ ਇਹੋ ਆਸ਼ਾ ਮੁੱਖ ਰੱਖ ਕੇ ਤ੍ਰਿਖੇ ਤਾਨੇ ਮਾਰਦੀਆਂ ਸਨ ਕਿ ਗੁਰੂ ਅਰਜਨ ਦੇ ਸੰਤਾਨ ਕੋਈ ਨਹੀਂ ਹੋਣੀ, ਇਸ ਲਈ ਗੁਰ-ਗੱਦੀ ਸਮੇਤ ਸਾਰਾ ਮਾਲ-ਧਨ ਸਾਡੀ ਆਪਣੀ ਹੀ ਮਲਕੀਅਤ ਹੈ। ਭਾਈ ਕੇਸਰ ਸਿੰਘ ਛਿੱਬਰ ਉਨ੍ਹਾਂ ਦੇ ਇਨ੍ਹਾਂ ਮਨੋਭਾਵਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕਰਦਾ ਹੈ :—

ਏਹ ਲਗੇ ਸੰਗਤਾਂ ਨਾਲਿ ਮਨਸੂਬੇ ਕਰਨ।
"ਵਡੇ ਹਾਂ ਅਸੀਂ, ਟਿਕਾ ਹੈ ਅਸਾਡਾ, ਏਹ ਪੂਜੇ ਅਸਾਡੇ ਚਰਨ।"
ਜਿਠਾਨੀਆਂ ਆਖਨ ਬਚਨ ਤਬ ਐਸੇ।
"ਕਰ ਲਓ ਗਰਿਆਈ, ਕਰੋ ਇਕਠੇ ਪੈਸੇ ॥੧੬॥

---

[1]ਦੇਖੋ, ਗਿਆਨੀ ਗਿਆਨ ਸਿੰਘ, ਤ੍ਵਾਰੀਖ਼ਿ ਗੁਰੂ ਖ਼ਾਲਸਾ (ਉਰਦੂ), ਹਿੱਸਾ ਅੱਵਲ, ਸਫ਼ੇ ੯੩—੯੪, ਪਰ ਕਵੀ ਸੰਤੋਖ ਸਿੰਘ ਦੇ ਕਥਨ ਅਨੁਸਾਰ, ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪਣੇ ਹੱਥੀਂ ਰੱਖੀ ਸੀ। (ਦੇਖੋ, ਗੁਰ ਪ੍ਰਤਾਪ ਸੂਰਜ, ਰਾਸ਼ਿ ੨, ਅੰਸੂ ੫੩)



Digitized by Panjab Digital Library | www.panjabdigilib.org

ਮਾਲ ਹੈ ਅਸਾਡਾ, ਅਸਾਂ ਹੀ ਲੈਣਾ ।
ਨਾ ਏਨ੍ਹਾਂ ਦੇ ਪੁੱਤ ਨਾ ਧੀ, ਨਾ ਸਾਕ ਨਾ ਸੈਣਾ[1] ।"...॥੧੭॥

ਇਹ ਮਿਹਣੇ ਕੋਈ ਮਾਮੂਲੀ ਨਹੀਂ ਸਨ । ਮਰਦ ਤਾਂ ਭਾਵੇਂ ਇਨ੍ਹਾਂ ਗੱਲਾਂ ਨੂੰ ਘੱਟ ਹੀ ਅਨੁਭਵ ਕਰਦੇ ਹੋਣ, ਪਰ ਜ਼ਨਾਨੀਆਂ ਬਹੁਤ ਬੁਰਾ ਮੰਨਦੀਆਂ ਹਨ । ਮਾਤਾ ਰਾਮ ਦੇਈ ਨੇ ਇਹ ਦੁੱਖ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਕਈ ਵੇਰ ਦੁਹਰਾਇਆ ਤੇ ਆਪਣੇ ਘਰ ਸੰਤਾਨ ਨਾ ਹੁੰਦੀ ਦੇਖ ਕੇ ਉਨ੍ਹਾਂ ਨੂੰ ਦੂਜੇ ਵਿਆਹ ਲਈ ਰਜ਼ਾਮੰਦ ਕਰ ਲਿਆ[2], ਜਿਸ ਦੇ ਨਤੀਜੇ ਵਜੋਂ ਲਾਹੌਰ ਦੇ ਇਕ ਖਤ੍ਰੀ ਸਿੱਖ ਰਿਖ ਰਾਉ ਦੀ ਸੁਪੁਤ੍ਰੀ ਗੰਗਾ[3] ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ੨੨ ਹਾੜ੍ਹ, ਸੰਮਤ ੧੬੪੭ ਬਿ: ਨੂੰ ਹੋ ਗਈ । ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਮਾਤਾ ਰਾਮ ਦੇਈ ਜੀ ਇਸ ਤੋਂ ਪਹਿਲਾਂ ਚਲਾਣਾ ਕਰ ਚੁੱਕੇ ਸਨ, ਇਸ ਲਈ ਉਨ੍ਹਾਂ ਤੋਂ ਪਿੱਛੋਂ ਗੁਰੂ ਜੀ ਨੇ ਇਹ ਸ਼ਾਦੀ ਕੀਤੀ ਸੀ । (ਦੇਖੋ, ਤ੍ਵਾਰੀਖ਼ਿ ਗੁਰੂ ਖ਼ਾਲਸਾ, ਉਰਦੂ, ਹਿੱਸਾ ਅੱਵਲ, ਸਫ਼ਾ ੯੧)

**ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੂਸਰੀ ਸ਼ਾਦੀ**

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਪ੍ਰਿਥੀ ਚੰਦ ਇਸ ਸਮੇਂ ਹਮੇਸ਼ਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਝਗੜਾ ਰਖਦਾ ਸੀ, ਇਸ ਲਈ ਗੁਰੂ ਸਾਹਿਬ ਰਿਹਾਇਸ਼ ਬਦਲਨ ਦਾ ਇਰਾਦਾ ਕਰ ਕੇ ਮਾਝੇ ਦੇ ਦੌਰੇ ਪਰ ਤਸ਼ਰੀਫ਼ ਲੈ ਗਏ । ਜਦ ਉਹ ਪਿੰਡ ਸਰਹਾਲੀ, ਚੁਹਲਾ ਆਦਿ ਥੀਂ ਹੁੰਦੇ ਹੋਏ ਪਿੰਡ ਖਾਰੀ ਪਹੁੰਚੇ ਤਾਂ ਉਥੇ ਪੌਣ-ਪਾਣੀ ਵਧੇਰੇ ਚੰਗਾ ਪਸੰਦ ਆਉਣ ਕਰਕੇ ਕੁਝ ਜ਼ਮੀਨ ਹਾਕਮਾਂ ਤੋਂ ਖ਼ਰੀਦ ਲਈ ਤੇ ਨਗਰ ਤਰਨ ਤਾਰਨ ਤੇ ਸਰੋਵਰ ਦੀ ਨੀਂਹ ਰੱਖ

---

[1]ਦੇਖੋ, ਬੰਸਾਵਲੀ ਨਾਮਾ, ਚਰਣ ਪੰਜਵਾਂ ।

[2]ਦੇਖੋ, ਬੰਸਾਵਲੀ ਨਾਮਾ, ਚਰਣ ਪੰਜਵਾਂ ।

[3]ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਮਾਤਾ ਗੰਗਾ ਭਾਈ ਸੰਗਤ ਰਾਇ ਸੇਖਣੀ ਪਿੰਡ ਮਉ, ਇਲਾਕਾ ਫ਼ਿਲੌਰ (ਜਾਲੰਧਰ) ਵਾਲੇ ਦੀ ਲੜਕੀ ਸੀ । (ਦੇਖੋ, ਤ੍ਵਾਰੀਖ਼ਿ ਗੁਰੂ ਖ਼ਾਲਸਾ, ਪਜਾਬੀ, ਹਿੱਸਾ ਦੂਜਾ, ਸਫ਼ਾ ੬੯੯)



Digitized by Panjab Digital Library | www.panjabdigilib.org

ਦਿੱਤੀ। ਕਹਿੰਦੇ ਹਨ ਕਿ ਜਦ ਅਜੈ ਇਸ ਸਰੋਵਰ ਦੀਆਂ ਤਿਆਰੀਆਂ ਹੋ ਹੀ ਰਹੀਆਂ ਸਨ ਤੇ ਇੱਟਾਂ ਦੇ ਆਵੇ ਚੜ੍ਹੇ ਹੋਏ ਸਨ ਤਾਂ ਪ੍ਰਿਥੀ ਚੰਦ ਦੇ ਕਹਿਣ ਤੇ

**ਨਗਰ ਤਰਨ ਤਾਰਨ ਤੇ ਸਰੋਵਰ ਦੀ ਨੀਂਹ**

ਸਰਾਇ ਨੂਰੁੱਦੀਨ ਦੇ ਹਾਕਮ ਅਮੀਰੁੱਦੀਨ ਨੇ ਉਹ ਇੱਟਾਂ ਧੱਕੇ ਨਾਲ ਰੋਕ ਲਈਆਂ ਤੇ ਆਪਣੀ ਸਰਾਇ ਦੀ ਇਮਾਰਤ ਵਿਚ, ਜੋ ਉਸ ਸਮੇਂ ਤਿਆਰ ਹੋ ਰਹੀ ਸੀ, ਵਰਤ ਲਈਆਂ। ਗੁਰੂ ਸਾਹਿਬ ਨੇ ਇਸ ਸਮੇਂ ਨਾਰਾਜ਼ ਹੋ ਕੇ ਵਚਨ ਕੀਤਾ ਕਿ, "ਭਾਂਈ, ਕਰਤਾਰ ਦਾ ਹੁਕਮ ਏਵੇਂ ਹੀ ਹੈ. ਕਿਸੇ ਦਿਨ ਇਹੋ ਇੱਟਾਂ ਫੇਰ ਇਸੇ ਤਲਾਉ ਵਿੱਚ ਆ ਲੱਗਣਗੀਆਂ।" ਸੰਮਤ ੧੮੩੩ ਬਿ: ਵਿਚ ਗੁਰੂ ਜੀ ਦਾ ਇਹ ਕਥਨ ਸਹੀ ਸਾਬਤ ਹੋਇਆ ਤੇ ਸਰਦਾਰ ਬੁੱਧ ਸਿੰਘ ਫ਼ੈਜ਼ੁੱਲਾ ਪੁਰੀਏ ਤੇ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਆਪਣੀ ਹਕੂਮਤ ਦੇ ਸਮੇਂ ਸਰਾਇ ਨੂਰੁੱਦੀਨ ਨੂੰ ਢਾਹ ਕੇ ਫਿਰ ਉਹੋ ਇੱਟਾਂ ਇਸ ਤਲਾਉ ਵਿਚ ਲਗਵਾਈਆਂ ਸਨ[1]। ਗੁਰੂ ਸਾਹਿਬ ਉਥੋਂ ਫੇਰ ਅਮ੍ਰਿਤਸਰ ਨੂੰ ਮੁੜ ਆਏ[2]। ਪ੍ਰਿਥੀਏ ਕੇ ਵੀ ਉਨ੍ਹਾਂ ਦੇ ਨਾਲ ਹੀ ਅਮ੍ਰਿਤਸਰ ਪਹੁੰਚ ਗਏ।

ਹੁਣ ਗੋਇੰਦਵਾਲ ਤੋਂ ਬਾਦ ਮਾਝੇ ਦੇ ਇਲਾਕੇ ਵਿਚ ਅਮ੍ਰਿਤਸਰ ਤੇ ਤਰਨ-ਤਾਰਨ ਨਾਮੀ ਦੋ ਕੇਂਦ੍ਰ ਤਾਂ ਸਿੱਖ ਧਰਮ ਦੇ ਬਣ ਗਏ, ਪਰ ਰੂਹਾਨੀਅਤ ਦੇ ਨੁਕਤੇ

**ਗੁਰ-ਬਾਣੀ ਦੀ ਰਚਨਾ ਤੇ ਚਾਰ ਲਿਖਾਰੀ**

ਤੋਂ ਸਿੱਖ ਕੌਮ ਨੂੰ ਉਚਿਆਉਣ ਲਈ ਇਕ ਚੀਜ਼ ਦੀ ਲੋੜ ਰਹਿ ਗਈ, ਤੇ ਉਹ ਸੀ ਗੁਰਬਾਣੀ ਦਾ ਪੂਰਾ ਸੰਗ੍ਰਹ ਤੇ ਸੰਪਾਦਨ। ਇਸੇ ਉੱਦੇਸ਼ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਦਾਸ ਤੇ ਪਿਤਾ ਗੁਰੂ ਰਾਮਦਾਸ ਵਾਂਗੁ ਰਾਗਾਂ ਵਿਚ ਉਨ੍ਹਾਂ ਹੀ ਲੀਹਾਂ ਤੇ ਗੁਰ-ਬਾਣੀ ਦੀ ਰਚਨਾ ਕਰਨ ਲੱਗੇ। ਇਸ ਕੰਮ ਲਈ ਉਨ੍ਹਾਂ ਨੇ ਚਾਰ ਲਿਖਾਰੀ ਰੱਖੇ: (੧) ਭਾਈ ਸੰਤ ਦਾਸ, (੨) ਹਰੀਆ, (੩) ਸੁੱਖਾ ਤੇ (੪) ਮਨਸਾ ਰਾਮ। ਭਾਈ

---

[1]ਤ੍ਵਾਰੀਖ਼ਿ ਗੁਰੂ ਖ਼ਾਲਸਾ, ਉਰਦੂ, ਹਿੱਸਾ ਅੱਵਲ, ਸਫ਼ਾ ੬੪।

[2]ਗੁਰੁ ਪ੍ਰਤਾਪ ਸੂਰਜ, ਰਾਸ਼ਿ ੩, ਅੰਸ਼ੂ ੬੮/੪੧।



Digitized by Panjab Digital Library | www.panjabdigilib.org

ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਜਿਉਂ ਜਿਉਂ ਗੁਰੂ ਸਾਹਿਬ ਬਾਣੀ ਦਾ ਉੱਚਾਰਣ ਕਰਦੇ ਸਨ ਤਾਂ ਇਹ ਲਿਖਾਰੀ ਲਿਖਦੇ ਜਾਂਦੇ ਸਨ[1]। ਸੋ ਇਸ ਤਰ੍ਹਾਂ ਜਤਨ ਕਰਨ ਤੇ ਕਿਤਨੀ ਬਾਣੀ ਲਿਖੀ ਗਈ, ਇਹ ਵੇਰਵਾ ਤਾਂ ਭਾਵੇਂ ਅਜੇ ਤਕ ਕਿਤੋਂ ਨਹੀਂ ਮਿਲ ਸਕਿਆ, ਪਰ ਇਸ ਗੱਲ ਦਾ ਪਤਾ ਜ਼ਰੂਰ ਲਗਦਾ ਹੈ ਕਿ ਗੁਰੂ ਜੀ ਦਾ ਇਹ ਉੱਦਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਪੇਸ਼ ਖ਼ੇਮਾ ਸੀ। ਇਹ ਦੇਖ ਕੇ ਪ੍ਰਿਥੀਏ ਦੇ ਪੁਤ੍ਰ ਮਿਹਰਵਾਨ ਨੇ ਵੀ ਗੁਰੂ ਨਾਨਕ ਦੇ ਨਾਂ ਹੇਠ ਇਸੇ ਤਰ੍ਹਾਂ ਬਾਣੀ ਰਚਨ ਦਾ ਜਤਨ ਸ਼ੁਰੂ ਕਰ ਦਿੱਤਾ।

ਕਵੀ ਸੋਹਨ ਕ੍ਰਿਤ ਗੁਰ ਬਿਲਾਸ ਪਾਤਸ਼ਾਹੀ ੬ ਦੇ ਅਨੁਸਾਰ ਪ੍ਰਿਥੀਏ ਦਾ ਪਰਿਵਾਰ ਗੁਰੂ ਅਰਜਨ ਜੀ ਦੇ ਨਾਲ ਕਿਤਨੀ ਵਿਰੋਧਤਾ ਰਖਦਾ ਸੀ, ਇਸ ਗੱਲ ਦਾ ਪਤਾ ਇੱਥੋਂ ਹੀ ਲੱਗ ਜਾਂਦਾ ਹੈ ਕਿ ਇਕ ਵੇਰ ਮਾਤਾ ਗੰਗਾ ਜੀ ਨੇ ਆਪਣੇ ਮਹਲ ਪਰ ਵੰਨ-ਸੁਵੰਨੇ ਵਸਤ੍ਰ ਸੁੱਕਣੇ ਪਾਏ। ਉਹ ਵਸਤ੍ਰ ਬੜੇ ਕੀਮਤੀ ਸਨ, ਇਸ ਲਈ ਪ੍ਰਿਥੀਏ ਦੀ ਪਤਨੀ ਕਰਮੋ ਬਹੁਤ ਖਿਝੀ ਤੇ ਉਸ ਨੇ ਆਪਣੇ ਪਤੀ ਨੂੰ ਗੁਰੂ ਨਾ ਬਣਨ ਬਾਰੇ ਤਾਨਾ ਮਾਰਿਆ। ਇਸ ਦੇ ਉੱਤਰ ਵਿਚ ਪ੍ਰਿਥੀਏ ਨੇ ਜੋ ਦੁਖਦਾਈ ਸ਼ਬਦ ਗੁਰੂ ਜੀ ਨੂੰ ਸੰਕੇਤ ਕਰ ਕੇ ਕਰਮੋਂ ਪ੍ਰਤੀ ਕਹੇ, ਉਹ ਇਥੇ ਖ਼ਾਸ ਤੌਰ ਤੇ ਵਿਚਾਰਨ ਜੋਗ ਹਨ :—

### ਪ੍ਰਿਥੀਏ ਦਾ ਗੁਰੂ ਜੀ ਨੂੰ ਤਾਨਾ

ਕਿਉਂ ਚਿੰਤਾ ਮਨ ਮੈ ਕਰੈ, ਸਭੀ ਬਸਤੁ ਹੈ ਤੋਰ।
ਤਿਹ ਗ੍ਰਿਹ ਸੁਤ ਪ੍ਰਗਟਯੋ ਨਹੀਂ,
ਸੁਤ ਪ੍ਰਗਟੇ ਗ੍ਰਿਹ ਮੋਰ ॥ ੮੪ ॥
(ਗੁਰੁ ਬਿਲਾਸ ਪਾਤਸ਼ਾਹੀ ੬, ਅਧਿਆਇ ਪਹਿਲਾ)

ਮਾਤਾ ਗੰਗਾ ਜੀ ਦੀ ਦਾਸੀ ਨੇ, ਜੋ ਕਿਸੇ ਕੰਮ ਉਨ੍ਹਾਂ ਦੇ ਘਰ ਗਈ ਸੀ, ਇਹ ਤਾਨਾ ਸੁਣਿਆ, ਜਿਸ ਤੋਂ ਗੁਰੂ-ਘਰ ਵਿਚ ਕਿਸੇ ਹੱਦ ਤਕ ਚਿੰਤਾ ਹੋਣੀ ਇਕ ਕੁਦਰਤੀ ਗੱਲ ਸੀ।

---

[1]ਬੰਸਾਵਲੀ ਨਾਮਾ, ਚਰਣ ਪੰਜਵਾਂ।



Digitized by Panjab Digital Library | www.panjabdigilib.org

ਮਾਤਾ ਗੰਗਾ ਜੀ ਦੇ ਇਸ ਤਾਨੇ ਬਾਰੇ ਅਰਜ਼ ਕਰਨ ਤੇ ਗੁਰੂ ਸਾਹਿਬ ਨੇ ਉਸ ਨੂੰ ਕੁਝ ਧੀਰਜ ਦਿੱਤਾ ਤੇ ਸੰਤਾਨ-ਪ੍ਰਾਪਤੀ ਵਾਸਤੇ ਇਕੋ ਇਕ ਸਾਧਨ ਸਾਧ-ਸੰਗਤ ਦੀ ਸੇਵਾ ਕਰਨਾ ਦੱਸਿਆ। ਮਾਤਾ ਜੀ ਇਹ ਬਚਨ ਸੁਣ ਕੇ ਇਕ ਦਿਨ ਚੁਪੀਤੇ ਹੀ ਦਾਸ-ਦਾਸੀਆਂ ਸਮੇਤ ਪ੍ਰਸਾਦ ਲੈ ਕੇ ਬਾਸਰਕੀ ਬੀੜ ਵਿਚ ਪ੍ਰਸਿੱਧ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਇਹ ਬਾਬਾ ਜੀ ਉਸ ਸਮੇਂ ਸ਼੍ਰੀ ਗੁਰੂ ਨਾਨਕ ਦੇ ਹਜ਼ੂਰੀ ਸਿੱਖਾਂ ਵਿਚੋਂ ਇਕੋ ਇਕ ਅਜਿਹੇ ਮਹਾ ਪੁਰਖ ਸਨ, ਜੋ ਜ਼ਿੰਦਾ ਸਨ। ਕਹਿੰਦੇ ਹਨ ਕਿ ਇਨ੍ਹਾਂ ਦੇ ਵਰ-ਦਾਨ ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ ਜਨਮ ਹੋਇਆ ਸੀ। ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਗੁਰੂ ਜੀ ਦਾ ਜਨਮ ਸੰਮਤ ੧੬੪੭ ਬਿ: ਵਿਚ ਤੇ ਹੋਰ ਸਿੱਖ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਸੰਮਤ ੧੬੫੨ ਬਿ: ਵਿਚ ੨੧ ਹਾੜ੍ਹ ਨੂੰ ਅਮ੍ਰਿਤਸਰੋਂ ਚਾਰ ਕੁ ਮੀਲਾਂ ਦੀ ਵਿੱਥ ਤੇ ਪਿੰਡ ਵਡਾਲੀ ਵਿਖੇ ਹੋਇਆ ਸੀ।

**ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ ਜਨਮ**

ਪ੍ਰਿਥੀ ਚੰਦ ਨੂੰ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਉੱਕਾ ਹੀ ਆਸ ਨਹੀਂ ਸੀ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੁਤ੍ਰ ਪੈਦਾ ਹੋਵੇਗਾ, ਤੇ ਨਾਲੇ ਲਿਖਿਆ ਵੀ ਹੈ ਕਿ ਗੁਰੂ ਸਾਹਿਬ ਨੇ ਉਸ ਦੇ ਪੁਤ੍ਰ ਮਨੋਹਰ ਦਾਸ ਉਰਫ਼ ਮਿਹਰਵਾਨ ਨੂੰ ਗੋਦ ਲੈ ਕੇ ਆਪਣਾ ਦੱਤਕ ਪੁਤ੍ਰ ਬਣਾਇਆ ਹੋਇਆ ਸੀ, ਪਰ ਸ਼੍ਰੀ ਹਰਿ ਗੋਬਿੰਦ ਜੀ ਦੇ ਜਨਮ ਨਾਲ ਉਸ ਦੀਆਂ ਇਨ੍ਹਾਂ ਆਸਾਂ ਉਤੇ ਪਾਣੀ ਫਿਰਦਾ ਨਜ਼ਰ ਆਇਆ, ਜਿਸ ਕਰਕੇ ਉਹ ਬਾਲ ਹਰਿ ਗੋਬਿੰਦ ਜੀ ਨੂੰ ਗੁਪਤ ਤਰੀਕੇ ਨਾਲ ਖ਼ਤਮ ਕਰਨ ਦੀਆਂ ਸਲਾਹਾਂ ਸੋਚਣ ਲੱਗਾ। ਪਤਾ ਲੱਗਣ ਤੇ ਅਤੇ ਦਾਈ ਫੱਤੋ ਦੇ ਕਹਿਣ ਤੇ ਗੁਰੂ ਜੀ ਨੇ ਬੱਚੇ ਦੀ ਰਖਵਾਲੀ ਵਾਸਤੇ ਇਕ ਡੋਗਰਾ ਨੌਕਰ ਰੱਖਿਆ, ਜਿਸ ਦਾ ਨਾਮ 'ਰੂਪਾ' ਸੀ। ਪ੍ਰਿਥੀ ਚੰਦ ਦੇ ਹਥਕੰਡਿਆਂ ਤੋਂ ਬਚਾਉਣ ਲਈ ਸ਼ੁਰੂ ਸ਼ੁਰੂ ਵਿਚ ਸ਼੍ਰੀ ਹਰਿ ਗੋਬਿੰਦ ਜੀ ਦੀ ਕਿਵੇਂ ਰਖਵਾਲੀ ਕੀਤੀ ਗਈ, ਉਹ ਭਾਈ ਕੇਸਰ ਸਿੰਘ

**ਪ੍ਰਿਥੀਏ ਦੀਆਂ ਚਾਲਾਕੀਆਂ ਤੋਂ ਸ਼੍ਰੀ ਹਰਿ ਗੋਬਿੰਦ ਜੀ ਦਾ ਬਚਾਉ**



Digitized by Panjab Digital Library | www.panjabdigilib.org

ਛਿੱਬਰ ਦੇ ਇਨ੍ਹਾਂ ਸ਼ਬਦਾਂ ਵਿਚੋਂ ਸਾਫ਼ ਪਈ ਝਲਕਦੀ ਹੈ :—

ਸਾਹਿਬ ਪੰਜ ਬਰਸ ਦੇ ਹੋਇ ਆਏ ।
ਰੂਪਾ ਡੋਗਰਾ ਅਗੇ ਪਿਛੇ ਸਾਹਿਬ ਦੇ ਲਗਾ ਜਾਏ ।।੫੩।।
ਮਾਤਾ ਆਪਣੀ ਹੱਥੀਂ ਪੀਆਵੈ ਖਵਾਵੈ ।
ਹੋਰੁ ਕਿਸੈ ਦਾ ਵਿਸਾਹੁ ਨਾ ਆਵੈ ।
ਘਰ ਵਡਿਆਂ ਦੇ ਜਾਣ ਨ ਦੇਣ ।
ਜੇ ਜਾਵੇ ਤਾਂ ਹਟਕਿ ਮੁੜੇਨ ।। ੫੪ ।।
ਆਪਸ ਵਿਚ ਦੁਬਿਧਾ ਪਈ ਵਧੇਰੀ ।
ਦਿਨ ਦਿਨ ਹੋਂਦੀ ਜਾਇ ਘਨੇਰੀ ।
ਮਾਤਾ ਭਾਨੀ ਦੋਹਾਂ ਨੂੰ ਸਮਝਾਏ ।
ਤੁਸਾਂ ਕੇਹੇ ਆਪਸ ਵਿਚ ਵੈਰ ਪਾਏ ।। ੫੫ ।।

(ਦੇਖੋ, ਬੰਸਾਵਲੀ ਨਾਮਾ, ਚਰਣ ਪੰਜਵਾਂ)

ਬਾਲ-ਘਾਤ ਕਰਨ ਬਾਰੇ ਪ੍ਰਿਥੀ ਚੰਦ ਦੀਆਂ ਇਹ ਨਿਰੀਆਂ ਖ਼ਿਆਲੀ ਗੱਲਾਂ ਹੀ ਨਹੀਂ ਸਨ, ਸਗੋਂ ਉਸ ਨੇ ਇਨ੍ਹਾਂ ਨੂੰ ਅਮਲੀ ਰੂਪ ਵੀ ਦੇ ਦਿੱਤਾ ਸੀ ।

**ਸਾਜ਼ਿਸ਼ਾਂ ਦਾ ਜਾਲ**

ਪਹਿਲਾਂ ਉਸ ਨੇ ਬਾਲਕ ਹਰਿ ਗੋਬਿੰਦ ਜੀ ਨੂੰ ਦਾਈ ਦੇ ਹੱਥੀਂ ਜ਼ਹਿਰ ਦੇਣੀ ਚਾਹੀ, ਫੇਰ ਬਾਲਕ ਨੂੰ ਡੰਗਣ ਵਾਸਤੇ ਕਿਸੇ ਸਪੇਰੇ ਤੋਂ ਫਨੀਅਰ ਸੱਪ ਛੁਡਵਾਇਆ । ਜਦ ਉਸ ਦੇ ਇਹ ਦੋਵੇਂ ਜਤਨ ਨਿਸਫਲ ਗਏ ਤਾਂ ਇਕ ਬ੍ਰਾਹਮਣ ਦੇ ਹੱਥੀਂ, ਜੋ ਗੁਰੂ ਜੀ ਦਾ ਖਿਡਾਵਾ ਸੀ, ਜ਼ਹਿਰ ਦੇਣ ਦੀ ਸਾਜ਼ਿਸ਼ ਕੀਤੀ । ਉਹ ਬ੍ਰਾਹਮਣ ਦਰ ਅਸਲ ਗੁਰੂ ਜੀ ਦਾ ਖਿਡਾਵਾ ਨਹੀਂ, ਸਗੋਂ ਬਾਲ-ਸਾਬੀ ਸੀ, ਜੋ ਅਚਾਣਕ ਆਪਣੀ ਗ਼ਲਤੀ ਦੇ ਕਾਰਣ ਜ਼ਹਿਰ ਦੇ ਲੱਡੂ ਖਾਣ ਕਰ ਕੇ ਸੂਲ ਹੋਣ ਤੇ ਖ਼ੁਦ ਹੀ ਚੱਲ ਵਸਿਆ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਿਥੀ ਚੰਦ ਦੀ ਕੁਟਿਲਤਾ ਦੇਖ ਕੇ ਉਸ ਬ੍ਰਾਹਮਣ ਪ੍ਰਤੀ ਇਹ ਸ਼ਬਦ ਕਿਹਾ :

**ਲੇਪ ਨ ਲਾਗੋ ਤਿਲ ਕਾ ਮੂਲ ।।**
**ਦੁਸਟ ਬ੍ਰਾਹਮਣ ਮੂਆ ਹੋਇ ਕੈ ਸੂਲ ।।** (ਭੈਰਉ ਮਹਲਾ ੫)



Digitized by Panjab Digital Library | www.panjabdigilib.org

ਪ੍ਰਿਥੀਏ ਦੀਆਂ ਸਾਜ਼ਿਸ਼ਾਂ ਦਾ ਏਥੇ ਹੀ ਅੰਤ ਨਹੀਂ ਹੋਇਆ, ਸਗੋਂ ਇਸ ਤੋਂ ਪਿੱਛੋਂ ਉਸ ਨੇ ਇਕ ਹੋਰ ਸਾਜ਼ਿਸ਼ ਵੀ ਕੀਤੀ ਕਿ ਰੂਪੇ ਡੋਗਰੇ ਨੂੰ, ਜੋ ਸ੍ਰੀ ਹਰਿ ਗੋਬਿੰਦ ਜੀ ਦਾ ਖਿਡਾਵਾ ਸੀ, ਭਾਰੀ ਰਕਮ ਦੇਣੀ ਕਰ ਕੇ ਇਕ ਵੇਰ ਫੇਰ ਜ਼ਹਿਰ ਦੇਣ ਦਾ ਜਤਨ ਕੀਤਾ, ਪਰ ਗੁਰੂ ਜੀ ਵਲੋਂ ਕਰੜੀ ਪੁੱਛ-ਪੜਤਾਲ ਕਰਨ ਤੇ ਭੇਤ ਖੁਲ੍ਹ ਗਿਆ। ਪਤਾ ਲੱਗਣ ਤੇ ਗੁਰੂ ਜੀ ਨੇ ਪ੍ਰਿਥੀਏ ਨੂੰ 'ਮੀਣਾ[1]' ਕਹਿ ਕੇ ਸਖ਼ਤ ਫਿਟਕਾਰਾਂ ਪਾਈਆਂ ਤੇ ਦੋ ਟੁੱਕ ਫ਼ੈਸਲਾ ਦੇਂਦਿਆਂ ਕਿਹਾ :—

**ਪ੍ਰਿਥੀਏ ਨਾਲ ਸਦੀਵੀ ਟੁੱਟ**

"ਤੁਸਾਂ ਕੇਹਾ ਵੈਰ ਮੇਰੇ ਨਾਲ ਹੈ ਪਾਇਆ ?
ਇਕੇ ਤੁਸੀਂ ਟੁਰੋ, ਇਕੇ ਮੈਂ ਤੁਸਾਡੇ ਪਾਸੋਂ ਡੇਰਾ ਹਟਾਇਆ।"
ਸਾਹਿਬ ਟੁਰ ਆਏ ਨਗਰ ਰਾਮ ਦਾਸ ਪੁਰ।
ਪ੍ਰਿਥੀਏ ਕੇ ਗਏ ਲਾਹੌਰ ਨੂੰ ਤੁਰ ॥੮੪॥
(ਬੰਸਾਵਲੀ ਨਾਮਾ, ਚਰਣ ਪੰਜਵਾਂ)

---

[1]'ਮੀਣਾ' ਸ਼ਬਦ ਦਾ ਅਰਥ ਹੈ — 'ਮਿਨ੍ਹਾਂ, ਕਪਟੀ, ਜੋ ਮਨ ਦੇ ਛਲ ਨੂੰ ਪ੍ਰਗਟ ਨਾ ਹੋਣ ਦੇਵੇ।' (ਭਾਈ ਕਾਨ੍ਹ ਸਿੰਘ, ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ੧੯੩੦)। ਸ੍ਰੀ ਜੀ. ਬੀ. ਸਿੰਘ ਦੇ ਕਥਨ ਅਨੁਸਾਰ 'ਮੀਣੇ' ਬੀਕਾਨੇਰ ਅਤੇ ਬਾਂਗੜ ਦੀ ਇਕ 'ਜਰਾਇਮ ਪੇਸ਼ਾ' ਕੌਮ ਦਾ ਨਾਮ ਹੈ।' (ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ੧੯੪੪, ਸਫ਼ਾ ੧੯)। ਰਾਜਪੂਤਾਨੇ ਦੇ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੌਰੀ ਸ਼ੰਕਰ ਹੀਰਾ ਚੰਦ ਓਝਾ ਲਿਖਦੇ ਹਨ ਕਿ "ਜੰਗਲੀ ਜਾਤਿਯੋਂ ਮੇਂ ਮੀਣੇ, ਬਾਵਰੀ, ਥੋਰੀ ਆਦਿ ਹੈਂ। ਯੇ ਲੋਗ ਪਹਲੇ ਚੋਰੀ ਔਰ ਡਕੈਤੀ ਅਧਿਕ ਕਿਯਾ ਕਰਤੇ ਥੇ, ਪਰ ਅਬ ਖੇਤੀ ਔਰ ਮਜ਼ਦੂਰੀ ਕਰਨੇ ਲਗੇ ਹੈਂ, ਤੋ ਭੀ ਦੁਸ਼ਕਾਲ ਮੇਂ ਅਪਨਾ ਪੁਰਾਨਾ ਪੇਸ਼ਾ ਨਹੀਂ ਛੋੜਤੇ।" (ਦੇਖੋ, ਬੀਕਾਨੇਰ ਰਾਜਯ ਕਾ ਇਤਿਹਾਸ, ਪ੍ਰਥਮ ਖੰਡ, ੧੯੯੬ ਬਿ:, ਸਫ਼ਾ ੨੧)। ਇਸੇ ਤਰ੍ਹਾਂ 'ਜੋਧ ਪੁਰ ਰਾਜਯ ਕਾ ਇਤਿਹਾਸ' (ਪ੍ਰਥਮ ਖੰਡ, ੧੯੯੫ ਬਿ:, ਸਫ਼ਾ ੧੧) ਵਿਚ 'ਮੀਣਿਆ' ਦੀ ਗਿਣਤੀ ਜੰਗਲੀ ਜਾਤੀਆਂ ਵਿਚ ਕੀਤ



Digitized by Panjab Digital Library | www.panjabdigilib.org

ਤੇ ਗੁਰੂ-ਸੰਗਤ ਵਿਚ ਇਸੇ ਸਮੇਂ ਤੋਂ ਪ੍ਰਿਥੀਏ ਦੇ ਨਾਂ ਨਾਲ 'ਮੀਣਾ' ਵਿਸ਼ੇਸ਼ਣ ਲੱਗ ਗਿਆ।

ਪ੍ਰਿਥੀ ਚੰਦ ਇਸ ਸਮੇਂ ਪਰਿਵਾਰ ਸਮੇਤ ਲਾਹੌਰ ਨੂੰ ਕਿਉਂ ਗਿਆ? ਕਾਰਣ ਇਸ ਦਾ ਇਹ ਸੀ ਕਿ ਬਾਦਸ਼ਾਹ ਅਕਬਰ ਨੇ ਸੰਮਤ ੧੬੩੯ (ਮੁਤਾਬਿਕ ਸੰਨ ੧੫੮੨ ਈ:) ਤੋਂ ਸੰਮਤ ੧੬੫੫ ਬਿ: (ਮੁਤਾਬਿਕ ਸੰਨ ੧੫੯੮ ਈ:) ਤਕ ਫ਼ਤਿਹ ਪੁਰ ਸੀਕਰੀ ਤੋਂ ਆਪਣੀ ਰਾਜਧਾਨੀ ਲਾਹੌਰ ਬਦਲ ਲਈ ਸੀ, ਜਿਸ ਕਰ ਕੇ ਮੁਗ਼ਲ ਦਰਬਾਰ ਦੇ ਸਾਰੇ ਅਮੀਰ-ਵਜ਼ੀਰ ਲਾਹੌਰ ਹੀ ਰਹਿਣ ਲੱਗ ਪਏ ਸਨ। ਸ਼ਾਹੀ ਮੁਤਸੱਦੀ ਚੰਦੂ ਸਾਹੀ ਵੀ, ਜਿਸ ਦੀ ਲੜਕੀ ਦਾ ਰਿਸ਼ਤਾ ਗੁਰੂ ਜੀ ਨੇ ਮੋੜ ਦਿੱਤਾ ਸੀ, ਆਪਣੇ ਮਿਤ੍ਰ ਸੁਲਹੀ ਖ਼ਾਨ ਸਮੇਤ ਇਸ ਸਮੇਂ ਲਾਹੌਰ ਵਿਚ ਹੀ ਰਹਿੰਦਾ ਸੀ। ਸੋ ਪ੍ਰਿਥੀ ਚੰਦ ਨੇ ਮੌਕਾ ਗ਼ਨੀਮਤ ਦੇਖ ਚੰਗੀ-ਚੋਖੀ ਭੇਟਾ-ਪੂਜਾ ਦੇ ਕੇ ਉਨ੍ਹਾਂ ਨਾਲ ਪਿਛਲੀ ਮਿਤ੍ਰਤਾ ਹੋਰ ਵੀ ਗਹਿਰੀ ਕਰ ਲਈ ਤੇ ਉਨ੍ਹਾਂ ਨੂੰ ਗੁਰੂ ਜੀ ਤੋਂ ਵਿਰੁੱਧ ਆਪਣੀ ਸਹਾਇਤਾ ਵਾਸਤੇ ਰਜ਼ਾਮੰਦ ਕਰ ਲਿਆ। ਭਾਈ ਕੇਸਰ ਸਿੰਘ ਛਿੱਬਰ ਬੰਸਾਵਲੀ ਨਾਮੇ ਵਿਚ ਇਸ ਬਾਰੇ ਲਿਖਦਾ ਹੈ :—

ਪ੍ਰਿਥੀਏ ਦੀ ਗੁਰੂ ਜੀ ਦੇ ਵਿਰੋਧੀਆਂ ਨਾਲ ਗੰਢ-ਤ੍ਰੁੱਪ

ਓਹ ਸਾਹੀ ਆਹੇ ਮੁਸਦੀ ਨਵਾਬ ਲਾਹੌਰ ਮੁਗਲਾਂ ਦੇ।
ਪ੍ਰਿਥੀਏ ਹੋਰਾਂ ਮਨਸੂਬਾ ਕੀਤਾ ਨਾਲ ਉਨ੍ਹਾਂ ਦੇ।
ਚੋਰੀ ਚੋਰੀ ਨਾਲ ਉਨ੍ਹਾਂ ਦੇ ਸਲੂਕ ਠਹਿਰਾਇਆ।
ਨਾਲੇ ਕੁਛ ਪ੍ਰਿਥੀਏ ਹੋਰਾਂ ਵਢੀ ਦੇਣਾ ਭੀ ਕਰਾਇਆ ॥੩੭॥

ਕਵਿ ਸੋਹਨ ਕ੍ਰਿਤ ਗੁਰ ਬਿਲਾਸ ਪਾਤਸ਼ਾਹੀ ੬ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਇਸ ਸਮੇਂ ਲਾਹੌਰ ਨਹੀਂ, ਸਗੋਂ ਦਿੱਲੀ ਬਾਦਸ਼ਾਹ ਪਾਸ ਫ਼ਰਿਆਦ ਲੈ ਕੇ ਜਾ ਰਿਹਾ ਸੀ, ਪਰ ਉਸ ਨੂੰ ਪਤਾ ਲੱਗਾ ਕਿ ਮੁਗ਼ਲ ਦਰਬਾਰ ਦਾ ਇਕ ਉਮਰਾਉ ਸੁਲਹੀ ਖ਼ਾਨ, ਜੋ ਲਾਹੌਰ ਦੇ ਸ਼ਾਹੀ ਖਤ੍ਰੀਆਂ ਦਾ ਦੋਸਤ ਸੀ; ਇਸ ਸਮੇਂ ਮਾਝੇ ਵਿਚੋਂ ਟਕੇ ਉਗਰਾਹੁਣ ਲਈ ਪਿੰਡ ਹੇਹਰ (ਲਾਹੌਰ ਦੇ ਨੇੜੇ) ਠਹਿਰਿਆ ਹੋਇਆ

ਪ੍ਰਿਥੀਆ ਸੁਲਹੀ ਖ਼ਾਨ ਨੂੰ ਹੇਹਰ ਜਾ ਕੇ ਮਿਲਿਆ



Digitized by Panjab Digital Library | www.panjabdigilib.org

ਹੈ। ਸੋ ਉਹ ਉਸ ਦੇ ਪਾਸ ਇਸੇ ਪਿੰਡ ਮਿਲਣ ਵਾਸਤੇ ਗਿਆ । ਇਸ ਪਿੰਡ ਵਿਚ ਪ੍ਰਿਥੀ ਚੰਦ ਦੇ ਸਹੁਰੇ ਵੀ ਸਨ। ਪ੍ਰਿਥੀ ਚੰਦ ਨੂੰ ਛੋਟੇ ਭਾਈ ਮਹਾ ਦੇਵ ਨੇ ਉਥੇ ਜਾਣੋਂ ਹਟਕਿਆ, ਪਰ ਉਹ ਨਾ ਰੁਕਿਆ ਤੇ ਆਖ਼ਰ ਧੱਕਾ ਕਰ ਕੇ ਉਥੇ ਜਾ ਹੀ ਅੱਪੜਿਆ।

ਸੁਲਹੀ ਨਾਲ ਪ੍ਰਿਥੀਏ ਦੀ ਮਿਤ੍ਰਤਾ ਤਾਂ ਪਹਿਲਾਂ ਹੀ ਸੀ, ਇਸ ਲਈ ਅੱਗੋਂ ਉਸ ਨੇ ਬੜਾ ਨਿੱਘਾ ਸੁਆਗਤ ਕੀਤਾ ਤੇ ਸੁਖ-ਆਨੰਦ ਪੁੱਛਣ ਤੋਂ ਬਾਅਦ ਕੁਝ ਧੀਰਜ ਦਿਲਾਸਾ ਵੀ ਦਿੱਤਾ। ਪ੍ਰਿਥੀਏ ਦੇ ਇਹ ਦਾਵਾ ਕਰਨ ਤੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਉਸ ਨੂੰ ਕੁਝ ਗੁਜ਼ਾਰੇ ਲਈ ਦਿਵਾਇਆ ਜਾਵੇ, ਸੁਲਹੀ ਨੇ ਸਿੱਖੀ-ਸੇਵਕੀ ਦਾ ਮਾਲਕ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੀ ਕਰਾਰ ਦੇ ਦਿੱਤਾ ਤੇ ਬਾਕੀ ਰਾਮਦਾਸ ਪੁਰ ਨਗਰ ਦੀ ਜ਼ਿਮੀਂਦਾਰੀ ਪ੍ਰਿਥੀ ਚੰਦ ਦੇ ਹਵਾਲੇ ਕਰ ਦਿੱਤੀ ਤੇ ਇਸੇ ਤਰ੍ਹਾਂ ਪ੍ਰਿਥੀ ਚੰਦ ਦੇ ਇਹ ਕਹਿਣ ਤੇ ਕਿ ਗੁਰੂ ਜੀ ਨੇ ਉਸ ਦੇ ਪੁਤ੍ਰ ਮਿਹਰਵਾਨ ਨੂੰ ਆਪਣਾ ਮੁਤਬੰਨਾ ਬਣਾਇਆ ਹੋਇਆ ਹੈ, ੨੨ ਮੰਜੀਆਂ ਵਿਚੋਂ ਸਾਢੇ ਤਿੰਨ ਮੰਜੀਆਂ ਦੀ ਆਮਦਨ, ਜੋ ਤਿੰਨ ਮਸੰਦਾਂ ਰਾਹੀਂ ਧੰਨੀ, ਪੋਠੋਹਾਰ, ਅਟਕ, ਮਾਲਵਾ ਆਦਿ ਦੇ ਕੁਝ ਇਲਾਕਿਆਂ ਦੀ ਸਿੱਖੀ ਸੇਵਕੀ ਤੋਂ ਹੁੰਦੀ ਸੀ, ਪ੍ਰਿਥੀ ਚੰਦ ਨੂੰ ਦੇ ਦਿੱਤੀ, ਪਰ ਪ੍ਰਿਥੀ ਚੰਦ ਨੂੰ ਇਸ ਫ਼ੈਸਲੇ ਪਰ ਵੀ ਸਬਰ ਨਾ ਆਇਆ[1], ਜਿਸ ਕਰ ਕੇ ਪਿੰਡ ਹੇਹਰ ਦੀ ਜ਼ਮੀਨ ਦਾ ਪਟਾ; ਜੋ ਬਾਦਸ਼ਾਹ ਨੇ ਉਸ ਨੂੰ ਜਾਗੀਰ ਵਜੋਂ ਦਿੱਤੀ ਸੀ, ਪ੍ਰਿਥੀ ਚੰਦ ਦੇ ਨਾਂ ਕਰ ਦਿੱਤਾ ਤੇ ਅੰਮ੍ਰਿਤਸਰ ਵਾਂਗੁ ਹੀ ਉਸ ਨੂੰ ਉੱਥੇ ਹਰਿ ਮੰਦਿਰ, ਤਲਾਉ ਆਦਿ ਬਣਾਣ ਦਾ ਅਧਿਕਾਰ ਦੇ ਦਿੱਤਾ। ਪ੍ਰਿਥੀਏ ਨੇ ਗੁਰੂ ਜੀ ਦੀ ਰੀਸੋ ਰੀਸ ਭਾਵੇਂ ਇਹ ਰਚਨਾ ਤਾਂ ਉਥੇ ਰਚ ਲਈ ਤੇ ਗੁਰ-ਗੱਦੀ ਲਗਾ ਕੇ ਬੈਠਣ ਵੀ ਲੱਗ ਪਿਆ, ਪਰ ਮੱਥਾ ਟੇਕਣ ਵਾਲਾ ਉਸ ਦੀ ਛੋਟੀ ਜਿਹੀ ਸੰਗਤ ਤੋਂ ਬਿਨਾ ਹੋਰ ਕੋਈ ਨਹੀਂ ਸੀ, ਇਸ ਲਈ ਉਚਿਤ ਪੂਜਾ-ਪ੍ਰਤਿਸ਼ਟਾ ਨਾ ਹੋਣ ਕਰ ਕੇ ਉਹ ਬੜਾ ਛਿੱਥਾ ਪਿਆ।

*ਪਿੰਡ ਹੇਹਰ ਦੀ ਜ਼ਮੀਨ ਦਾ ਪਟਾ ਤੇ ਪ੍ਰਿਥੀਏ ਦੀ ਗੁਰੁ-ਗੱਦੀ*

[1]ਤ੍ਵਾਰੀਖ਼ਿ ਗੁਰੂ ਖ਼ਾਲਸਾ, ਉਰਦੂ, ਹਿੱਸਾ ਅੱਵਲ, ਸਫ਼ੇ ੧੦੧—੦੨।



Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦ ਅਮ੍ਰਿਤਸਰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸੋਚਿਆ ਕਿ ਆਖ਼ਰ ਭਰਾ ਭਰਾ ਹੀ ਹੁੰਦੇ ਹਨ ਇਸ ਲਈ ਭਾਈ ਗੁਰਦਾਸ ਪ੍ਰਿਥੀਏ ਨੂੰ ਬੁਲਾ ਲਿਆਉਣ ਲਈ ਪਿੰਡ ਹੇਹਰ ਭੇਜਿਆ। ਭਾ: ਗੁਰਦਾਸ ਦੇ ਵਾਰ ਵਾਰ ਸਮਝਾਉਣ ਤੇ ਵੀ ਪ੍ਰਿਥੀ ਚੰਦ ਰਾਸ ਨਾ ਆਇਆ, ਸਗੋਂ ਗਾਲਾਂ ਦੇਣ ਲੱਗ ਪਿਆ ਕਿ ਮੈਂ ਇੰਜ ਗੁਰਿਆਈ ਨਹੀਂ ਲੈਣੀ, ਮੈਂ ਤਾਂ ਗੁਰੂ ਅਰਜਨ ਦੇਵ ਨੂੰ ਗ੍ਰਿਫ਼ਤਾਰ ਕਰਵਾ ਕੇ ਸ਼ਾਹੀ ਦਰਬਾਰ ਵਿਚ ਸਜ਼ਾ ਦਿਵਾਵਾਂਗਾ ਤੇ ਫੇਰ ਗੁਰਿਆਈ ਲਵਾਂਗਾ[1]। ਭਾਈ ਗੁਰਦਾਸ ਨੇ ਉਸ ਦੀ ਇਸ ਕੁਟਿਲਤਾ ਬਾਰੇ ਆਪਣੀ ਪੁਸਤਕ 'ਵਾਰਾਂ ਗਿਆਨ ਰਤਨਾਵਲੀ' ਦੀ ੩੬ਵੀਂ ਵਾਰ ਵਿਚ ਇਸ ਤਰ੍ਹਾਂ ਕਰੜੀ ਆਲੋਚਨਾ ਕੀਤੀ ਹੈ :—

**ਭਾਈ ਗੁਰਦਾਸ ਵਲੋਂ ਪ੍ਰਿਥੀਏ ਦੀ ਕਰੜੀ ਆਲੋਚਨਾ**

(੧) ਮੁੰਢਹੁ ਘੁਥਹੁ ਮੀਣਿਆ !
ਤੁਧ ਜਮ ਪੁਰ ਜਾਣਾ ॥ ੪ ॥
(੨) ਖੋਟੀ ਸੰਗਤਿ ਮੀਣਿਆ,
ਦੁਖ ਦੇਂਦੀ ਮਿਤੈ ॥ ੫ ॥
(੩) ਰਲੇ ਜੁ ਸੰਗਤਿ ਮੀਣਿਆ,
ਉਠ ਚਲੈ ਨਿਰਾਸਾ ॥ ੭ ॥
(੪) ਵਿਣ ਗੁਰੁ ਗੁਰੂ ਸਦਾਇੰਦੇ
ਓਇ ਖੋਟੇ ਮੱਠੇ ॥ ੮ ॥

**ਪ੍ਰਿਥੀ ਚੰਦ ਲਾਹੌਰੋਂ ਵਾਪਿਸ ਮੁੜਿਆ**

ਭਾਵੇਂ ਭਾਈ ਗੁਰਦਾਸ ਨਾਲ ਪ੍ਰਿਥੀ ਚੰਦ ਦੀ ਇਸ ਸਮੇਂ ਬੜੀ ਕਰਾਰੀ ਝੜਪ ਹੋਈ ਤੇ ਇਸ ਝੜਪ ਦਾ ਪਤਾ ਲੱਗਣ ਤੇ ਗੁਰੂ ਸਾਹਿਬ ਨੇ ਭਾਈ ਗੁਰਦਾਸ ਨੂੰ ਨਿਰ-ਸੰਤਾਨ ਹੋਣ ਦਾ ਸਰਾਪ ਵੀ ਦਿੱਤਾ, ਪਰ ਜਦ ਪ੍ਰਿਥੀ ਚੰਦ

---

[1]ਗੁਰ ਬਿਲਾਸ ਪਾਤਸ਼ਾਹੀ ੬।



Digitized by Panjab Digital Library | www.panjabdigilib.org

ਇਸੇ ਦੌਰਾਨ ਵਿਚ ਲਾਹੌਰ ਮੁਕੱਦਮਾ ਕਰਨ ਵਾਸਤੇ ਗਿਆ ਤਾਂ ਗੁਰੂ ਜੀ ਨੇ ਨਸੀਹਤ ਵਜੋਂ ਉਸ ਦੇ ਕੋਲ ਇਕ ਸਿੱਖ ਦੇ ਹੱਥੀਂ ਇਹ ਸ਼ਬਦ ਲਿਖ ਕੇ ਭੇਜਿਆ :—

ਏਕ ਪਿਤਾ ਏਕਸ ਕੇ ਹਮ ਬਾਰਕ, ਤੂ ਮੇਰਾ ਗੁਰਹਾਈ ॥

(ਰਾਗ ਸੋਰਠਿ ਮ: ੫)

ਤਾਂ ਪ੍ਰਿਥੀ ਚੰਦ ਇਹ ਸ਼ਬਦ ਪੜ੍ਹ ਕੇ, ਲਾਹੌਰ ਦੇ ਸ਼ਾਹੀ ਖਤ੍ਰੀਆਂ ਨਾਲ ਮਨਸੂਬਾ ਕਰਨ ਦੇ ਬਾਵਜੂਦ ਵਾਪਿਸ ਅਮ੍ਰਿਤਸਰ ਮੁੜ ਆਇਆ। ਗੁਰੂ ਸਾਹਿਬ ਨੇ ਉਸ ਦਾ ਸੁਆਗਤ ਕੀਤਾ ਦੇ ਉਹ ਗੁਰੂ ਜੀ ਦੇ ਪਾਸ ਰਹਿਣ ਲੱਗਾ[1], ਪਰ ਉਹ ਫੇਰ ਵੀ ਝਗੜਾ ਕਰਨ ਤੋਂ ਬਾਜ਼ ਨਾ ਆਇਆ।

### ਬਾਬਾ ਸ੍ਰੀ ਚੰਦ ਤੇ ਮਾਤਾ ਭਾਨੀ ਜੀ ਦਾ ਚਲਾਣਾ

ਸੰਮਤ ੧੬੫੪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਪੁਤ੍ਰ ਬਾਬਾ ਸ੍ਰੀ ਚੰਦ ਜੀ, ਜੋ ਬਾਰਠ ਪਿੰਡ ਰਹਿੰਦੇ ਸਨ, ਤੇ ਸੰਮਤ ੧੬੫੫ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਬੀਬੀ ਭਾਨੀ ਜੀ ਚਲਾਣਾ ਕਰ ਗਏ। ਇਹ ਦੋਵੇਂ ਘਟਨਾਵਾਂ ਗੁਰੂ-ਘਰ ਲਈ ਬੜੀਆਂ ਅਸਹਿ ਸਨ। ਇਸ ਸਮੇਂ ਪ੍ਰਿਥੀ ਚੰਦ ਵਲੋਂ ਖੜੀ ਕੀਤੀ ਘਰ ਦੀ ਦੁਬਿਧਾ ਦੇ ਕਾਰਣ ਗੁਰੂ ਸਾਹਿਬ ਜੀ ਬਾਬਾ ਸ੍ਰੀ ਚੰਦ ਜੀ ਦਾ ਅਫ਼ਸੋਸ ਕਰਨ ਵਾਸਤੇ ਬਾਰਠ ਪਿੰਡ ਵੀ ਨਾ ਜਾ ਸਕੇ[2]।

---

[1]ਜਦ ਪ੍ਰਿਥੀਆ ਦੁਸਟੀ ਕਰਨ ਗਿਆ ਲਾਹੌਰ।
ਰਾਗ ਸੋਰਠਿ ਵਿਚ ਸਬਦ ਲਿਖ ਦਿਤਾ ਆਦਮੀ ਟੋਰ ॥੪੦॥...
ਇਹ ਸਬਦ ਸੁਣਿ ਸਮਝ ਪੜਿ ਕੇ ਪ੍ਰਿਥੀਆ ਆਇਆ।
ਪਰ ਲਹੌਰ ਮਨਸੂਬਾ ਸਾਹੀਆ ਨਾਲ ਗਿਣ ਆਇਆ ॥੪੬॥
ਗੁਰੂ ਅਰਜਨ ਆਏ ਨੂੰ ਕੀਤਾ ਦਿਲਾਸਾ।
ਸਭੇ ਹੋਏ ਇਕਠੇ, ਪ੍ਰਿਥੀਆ ਰਹੇ ਗੁਰੂ ਅਰਜਨ ਪਾਸਾ ॥
(ਦੇਖੋ, ਬੰਸਾਵਲੀ ਨਾਮਾ, ਚਰਣ ਪੰਜਵਾਂ)

[2]ਬੰਸਾਵਲੀ ਨਾਮਾ, ਚਰਣ ਪੰਜਵਾਂ।



Digitized by Panjab Digital Library | www.panjabdigilib.org

# ੪. ਪ੍ਰਿਥੀ ਚੰਦ ਤੇ ਮਿਹਰਵਾਨ

ਬੀਬੀ ਭਾਨੀ ਜੀ ਦੇ ਦੇਹਾਂਤ ਤੋਂ ਪਿੱਛੋਂ ਗੁਰੂ-ਦਰਬਾਰ ਵਿਚ ਕਈ ਅਜੀਬ ਘਟਨਾਵਾਂ ਘਟੀਆਂ। ਇਕ ਵੰਨੇ ਸੋਢੀ ਪ੍ਰਿਥੀ ਚੰਦ ਗੁਰੂ-ਗੱਦੀ ਦਾ ਝਗੜਾ ਪਾ ਰਿਹਾ ਸੀ ਤੇ ਦੂਜੇ ਵੰਨੇ ਲਾਹੌਰ ਦੇ ਸ਼ਾਹੀ ਖਤ੍ਰੀ ਵੀ ਚੁਪ ਕਰਕੇ ਨਹੀਂ ਸਨ ਬੈਠੇ ਹੋਏ। ਉਹ ਮੁਗ਼ਲ ਦਰਬਾਰ ਰਾਹੀਂ ਕਿਸੇ ਨਾ ਕਿਸੇ ਹੀਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨੁਕਸਾਨ ਪਹੁੰਚਾਣ ਦੇ ਜਤਨ ਕਰ ਰਹੇ ਸਨ। ਕਵੀ ਸੋਹਨ ਦੇ ਕਥਨ ਅਨੁਸਾਰ ਇਸ ਸਮੇਂ ਤਕ ਗੁਰੂ-ਗੱਦੀ ਦੀਆਂ ਪੰਜ ਨਿਸ਼ਾਨੀਆਂ ਸਨ — ਪੋਥੀ, ਸੇਲੀ, ਟੋਪੀ, ਮਾਲਾ ਤੇ ਮੰਜੀ[1]। ਮੁਨਸ਼ੀ ਖ਼ੁਸ਼ਵਕ਼ਤ ਰਾਇ ਲਿਖਦੇ ਹਨ ਕਿ ਸ੍ਰੀ ਅਮ੍ਰਿਤਸਰ ਜਿਸ ਘਰ ਵਿਚ ਇਹ ਚੀਜ਼ਾਂ ਰੱਖੀਆਂ ਹੋਈਆਂ ਸਨ, ਉਥੇ ਅਚਾਣਕ ਅੱਗ ਲੱਗ ਗਈ ਜਾਂ ਲਗਾ ਦਿੱਤੀ ਗਈ। ਗੁਰੂ ਸਾਹਿਬ ਦੇ ਕਹਿਣ ਤੇ ਵੀ ਹੋਰ ਕੋਈ ਵਿਅਕਤੀ ਇਨ੍ਹਾਂ ਚੀਜ਼ਾਂ ਨੂੰ ਬਚਾਉਣ ਵਾਸਤੇ ਅੰਦਰ ਨਾ ਜਾ ਸਕਿਆ। ਆਖ਼ਰ ਪ੍ਰਿਥੀ ਚੰਦ ਦੇ ਪੁਤ੍ਰ ਮਿਹਰਵਾਨ (ਮਨੋਹਰ ਦਾਸ) ਨੇ ਹਿੰਮਤ ਕਰ ਕੇ ਅੰਦਰੋਂ ਇਹ ਚੀਜ਼ਾਂ ਕੱਢ ਲਿਆਂਦੀਆਂ[2]। ਸਿੱਖਾਂ ਦਾ ਭਵਿੱਖ ਚੂੰਕਿ ਮੁਗ਼ਲਾਂ ਦੇ ਟਾਕਰੇ ਤੇ ਰਾਜਨੀਤਕ ਜਾਗ੍ਰਿਤ ਦੀ ਮੰਗ ਲਈ ਉਤਾਵਲਾ ਸੀ ਤੇ ਨਾਲੇ ਇਹੋ ਜਿਹੀਆਂ ਨਿਸ਼ਾਨੀਆਂ ਦੀ ਥਾਵੇਂ ਗੁਰੂ ਜੀ ਦਾ ਅਸਲ ਨਿਸ਼ਾਨਾ ਕੁਝ ਹੋਰ ਸੀ,ਇਸ ਲਈ ਗੁਰੂ ਜੀ ਨੇ

**ਗੁਰਿਆਈ ਦੀਆਂ ਨਿਸ਼ਾਨੀਆਂ: ਮਾਲਾ ਤੇ ਪੋਥੀ**

---

[1] 'ਗੁਰ ਮੰਤ੍ਰ, ਪੋਥੀ ਜੋਊ, ਸੇਲੀ, ਟੋਪੀ ਸਾਥ।
ਮਾਲਾ, ਮੰਜੀ ਪਾਂਚ ਏ, ਧਰਤ ਨਿਵਾਯੋ ਮਾਥ ॥੧੧॥
(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)

[2] ਅੱਜ ਕਲ ਇਹ 'ਮਾਲਾ' ਤੇ 'ਪੋਥੀ' ਨਗਰ ਗੁਰੂ ਹਰਿ ਸਹਾਇ ਜ਼ਿਲਾ ਫ਼ੀਰੋਜ਼ਪੁਰ ਦੇ ਸੋਢੀਆਂ ਪਾਸ ਹਨ, ਜੋ ਸੋਢੀ ਮਿਹਰਵਾਨ ਜੀ ਦੇ ਖ਼ਾਨਦਾਨ ਵਿਚੋਂ ਹਨ। (ਮੁਨਸ਼ੀ ਸੋਹਨ ਲਾਲ, ਉਮਦਾਤੁੱ ਤ੍ਵਾਰੀਖ਼, ਦਫ਼ਤਰ ਅੱਵਲ, ਸਫ਼ੇ ੭੩—੭੪)



Digitized by Panjab Digital Library | www.panjabdigilib.org

ਇਹ ਚੀਜ਼ਾਂ ਗ਼ੈਰ-ਜ਼ਰੂਰੀ ਸਮਝ ਕੇ ਆਪਣੇ ਭਤੀਜੇ ਸੋਢੀ ਸਿਹਰਵਾਨ ਕੋਲ ਹੀ ਰਹਿਣ ਦਿੱਤੀਆਂ । ਪ੍ਰਿਥੀ ਚੰਦ ਅਥਵਾ ਉਸ ਦੀ ਸੰਪ੍ਰਦਾਇ ਨੇ ਇਹੋ ਇਕ ਬੜੀ ਜਿੱਤ ਸਮਝੀ ਤੇ ਉਹ ਇਸੇ ਦਿਨ ਤੋਂ ਗ਼ਲਤੀ ਨਾਲ ਗੁਰਿਆਈ ਆਪਣੇ ਘਰ ਆਈ ਸਮਝਣ ਲੱਗ ਪਏ ।

ਸੰਮਤ ੧੬੫੭ ਬਿ: ਵਿਚ ਪ੍ਰਿਥੀ ਚੰਦ ਦੇ ਜਤਨ ਨਾਲ ਸਿੱਖਾਂ ਦੇ ਦੋ ਧੜੇ ਬਣ ਗਏ । ਇਕ ਪਾਸੇ ਤਾਂ ਸ੍ਰੀ ਗੁਰੁ ਅਰਜਨ ਦੇਵ ਜੀ ਦੇ ਅਨੁਯਾਈ ਸਨ ਤੇ ਦੂਜੇ ਪਾਸੇ ਪ੍ਰਿਥੀ ਚੰਦ ਦੀ ਸੰਪ੍ਰਦਾਇ ਦੇ ਲੋਕ ਤੇ ਕੁਝ ਰਬਾਬੀ, ਜੋ ਆਗਿਆਕਾਰੀ ਨਾ ਹੋਣ ਕਰ ਕੇ ਗੁਰੂ ਜੀ ਨੇ ਕੱਢ ਦਿੱਤੇ ਸਨ, ਪ੍ਰਿਥੀਏ ਨਾਲ ਹੀ ਜਾ ਰਲੇ ।

## ਸੋਢੀ ਮਿਹਰਵਾਨ ਦੀ ਬਾਣੀ ਤੇ ਪ੍ਰਿਥੀਏ ਦੀ ਸੰਪ੍ਰਦਾਇ

ਪ੍ਰਿਥੀਏ ਦਾ ਪੁਤ੍ਰ ਮਿਹਰਵਾਨ ਇਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਕਾਬਲੇ ਤੇ ਪਹਿਲਾਂ ਮਹਲਾ ੧ ਤੇ ਫੇਰ ੭ ਹੇਠ ਬਹੁਤ ਸਾਰੀ ਬਾਣੀ ਲਿਖਣ ਲੱਗਾ, ਜਿਸ ਦੇ ਹਰੇਕ ਸ਼ਬਦ ਦਾ ਭੋਗ ਉਹ ਗੁਰੂ ਨਾਨਕ ਦੇ ਨਾਂ ਤੇ ਹੀ ਪਾਉਂਦਾ ਸੀ । ਡੂਮ ਰਬਾਬੀ ਉਹੋ ਸ਼ਬਦ ਗੁਰਿਆਈ ਦਾ ਦੂਜਾ ਦਰਬਾਰ ਕਾਇਮ ਹੋਇਆ ਦੱਸ ਕੇ ਗਾਉਣ ਲੱਗੇ । ਮਿਹਰਵਾਨ ਜੀ ਨੇ ਇਸ ਸਮੇਂ ਆਪਣੀ ਸੰਪ੍ਰਦਾਇ ਦੇ ਪ੍ਰਚਾਰ ਲਈ ਇਕ ਗ੍ਰੰਥ ਰਚਿਆ; ਜਿਸ ਵਿਚ ਪਹਿਲੀਆਂ ਚੌਹਾਂ ਪਾਤਸ਼ਾਹੀਆ ਦੇ ਸ਼ਬਦ ਲਿਖੇ ਹੋਏ ਸਨ[1] ।

---

[1]ਮਿਹਰਵਾਨ ਪੁਤ੍ਰ ਪ੍ਰਿਥੀਏ ਦਾ ਕਵੀਸਰੀ ਕਰੇ ।
ਪਾਰਸੀ ਹਿੰਦਵੀ ਸਹਸਕ੍ਰਿਤੀ ਨਾਲੇ ਗੁਰਮੁਖੀ ਪੜ੍ਹੇ ।
ਤਿਨ ਭੀ ਬਾਣੀ ਬਹੁਤ ਬਣਾਈ ।
ਭੋਗ ਗੁਰੂ ਨਾਨਕ ਜੀ ਦਾ ਹੀ ਪਾਈ ॥ ੯੦ ॥
ਡੂਮ ਲਗੇ ਸਬਦ ਮੀਣਿਆਂ ਦੇ ਗਾਵਣ ।
ਦੂਯਾ ਦਰਬਾਰ ਗੁਰਿਆਈ ਦਾ ਲਗੇ ਬਣਾਵਣ ।
ਮੀਣਿਆ ਭੀ ਇਕ ਗ੍ਰੰਥ ਬਣਾਇਆ ।
ਚਹੁੰ ਪਾਤਸਾਹੀਆਂ ਦੇ ਸਬਦ ਬਾਣੀ ਵਿਚ ਲਿਖਿ ਪਾਇਆ ॥੯੧॥
(ਬੰਸਾਵਲੀ ਨਾਮਾ, ਚਰਣ ਪੰਜਵਾਂ)



Digitized by Panjab Digital Library | www.panjabdigilib.org

ਇਧਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਸਿੱਖ ਗੁਰਬਾਣੀ ਦਾ ਕੀਰਤਨ ਕਰਦੇ ਸਨ ਤੇ ਉਧਰ ਰਬਾਬੀ ਤੇ ਮਰਾਸੀ ਮੀਣਿਆਂ ਦੇ ਸੋਹਲੇ ਗਾਉਂਦੇ ਸਨ।

## ਸ੍ਰੀ ਆਦਿ ਗ੍ਰੰਥ ਜੀ ਦੀ ਰਚਨਾ

ਅਚਾਣਕ ਇਸ ਸਮੇਂ, ਜਦ ਪ੍ਰਿਥੀ ਚੰਦ ਦੀ ਸੰਪ੍ਰਦਾਇ ਨੇ ਜ਼ੋਰ ਫੜਿਆ ਤਾਂ ਕਿਸੇ ਸਿੱਖ ਨੇ ਮਿਹਰਵਾਨ ਦਾ ਸ਼ਬਦ ਪੜ੍ਹਿਆ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੰਨੀਂ ਪਿਆ। ਗੁਰੂ ਜੀ ਨੇ ਉਸੇ ਸਮੇਂ ਭਾਈ ਗੁਰਦਾਸ ਜੀ ਨੂੰ ਹੁਕਮ ਦਿੱਤਾ ਕਿ ਮੀਣੇ ਗੁਰਬਾਣੀ ਵਿਚ ਰਲਾਉ ਪਾਉਣ ਲੱਗੇ ਹਨ, ਇਸ ਲਈ ਹੁਣ ਸਾਡਾ ਕਰਤੱਵ ਹੈ ਕਿ ਅਸੀਂ ਇਸ ਨੂੰ ਉਨ੍ਹਾਂ ਤੋਂ ਨਿਆਰੀ ਕਰ ਕੇ ਰੱਖੀਏ[1]। ਗੁਰੂ ਸਾਹਿਬ ਚੂੰਕਿ ਲਿਖਾਰੀ ਰੱਖ ਕੇ

---

[1]ਇਥੇ ਸਬਦ ਕੀਰਤਨ ਕਰਨ ਸਿਖ।
ਰਬਾਬੀ ਡੂਮ ਉਨ੍ਹਾਂ ਲਏ ਰਖ।
ਇਥੇ ਕਿਸੇ ਸਬਦ ਮਿਹਰਵਾਨ ਦਾ ਪੜਿਆ।
ਉਹ ਸਬਦ ਕੰਨ ਗੁਰੂ ਅਰਜਨ ਦੇ ਪੜਿਆ ॥੯॥
ਬਚਨ ਕੀਤਾ, "ਭਾਈ ਗੁਰਦਾਸ!
ਗੁਰੂ ਕੀ ਬਾਣੀ ਜੁਦਾ ਕਰੀਏ।
ਮੀਣੇ ਪਾਨ ਲੱਗੇ ਨੀ ਰਲਾ, ਸੋ ਨਿਆਰੀ ਕਰਿ ਧਰੀਏ।"
ਜੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਥੇ ਭਏ,
ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ ॥੯੬॥
(ਬੰਸਾਵਲੀ ਨਾਮਾ, ਚਰਣ ਪੰਜਵਾਂ)

ਗੁਰਬਾਣੀ ਵਿਚ ਇਹ ਰਲਾਉ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਵੀ ਪਾਉਣ ਦਾ ਜਤਨ ਕੀਤਾ ਗਿਆ, ਪਰ ਕਦੋਂ ਤੇ ਕਿਉਂ ਪੈਣਾ ਸ਼ੁਰੂ ਹੋਇਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਆਦਿ ਗ੍ਰੰਥ ਜੀ' ਦੀ ਬੀੜ ਤਿਆਰ ਕਰਨ

(ਬਾਕੀ ਫੁੱਟਨੋਟ ਦੇਖੋ ਸਫ਼ਾ ੪੬)



Digitized by Panjab Digital Library | www.panjabdigilib.org

ਪਹਿਲਾਂ ਹੀ ਬਾਣੀ ਤਿਆਰ ਕਰਾ ਰਹੇ ਸਨ ਇਸ ਲਈ ਭਾਈ ਗੁਰਦਾਸ ਜੀ ਇਸ ਸਮੇਂ ਤੋਂ ਗੁਰਬਾਣੀ-ਸੰਗ੍ਰਹ ਕਰਨ ਵਿਚ ਜੁਟ ਗਏ। ਗੁਰੂ ਸਾਹਿਬ ਨੇ ਇਸ ਸਮੇਂ ਬੜਾ ਜਤਨ ਕਰ ਕੇ ਮੋਹਨ ਤੇ ਮੇਹਰਬਾਨ ਜੀ ਪਾਸੋਂ ਗੋਇੰਦਵਾਲੋਂ ਪ੍ਰਥਮ ਗੁਰੂ ਨਾਨਕ ਆਦਿ ਦੀ ਬਾਣੀ ਦੀਆਂ ਪੁਰਾਤਨ ਪੋਥੀਆਂ ਪ੍ਰਾਪਤ ਕੀਤੀਆਂ, ਹੋਰ ਸੰਤਾਂ-ਭਗਤਾਂ ਦੀ ਬਾਣੀ ਵੀ ਇਕੱਤ੍ਰ ਕੀਤੀ ਤੇ ਭਾਈ ਗੁਰਦਾਸ ਜੀ ਲਿਖਾਰੀ ਨਿਯਤ ਹੋਏ ਅਤੇ ਥੋੜਾ ਚਿਰ ਵਿਚ ਹੀ 'ਸ਼੍ਰੀ ਆਦਿ ਗ੍ਰੰਥ ਜੀ' ਦੀ ਬੀੜ ਤਿਆਰ ਕਰ ਲਈ। 'ਸ਼੍ਰੀ ਆਦਿ ਗ੍ਰੰਥ ਜੀ', ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ 'ਸ਼੍ਰੀ ਗੁਰੂ ਗ੍ਰੰਥ

---

(ਸਫ਼ਾ ੪੫ ਦੇ ਫੁੱਟਨੋਟ ਦੀ ਬਾਕੀ)

ਦੀ ਲੋੜ ਕਿਉਂ ਮਹਿਸੂਸ ਹੋਈ, ਸ਼੍ਰੀ ਜੀ. ਬੀ. ਸਿੰਘ ਇਸ ਬਾਰੇ 'ਪ੍ਰਾਚੀਨ ਬੀੜਾਂ' ਨਾਮੀ ਪੁਸਤਕ ਦੇ ਆਰੰਭ ਵਿਚ ਹੀ ਲਿਖਦੇ ਹਨ :—

> "ਗੁਰੂ ਨਾਨਕ ਸਾਹਿਬ ਦੇ ਨਾਮ ਪੁਰ ਬਾਣੀ ਰਚਨੀ ਤਾਂ ਸਾਧਾਂ ਫਕੀਰਾਂ ਨੇ, ਓਹਨਾਂ ਦੇ ਵੇਲੇ ਹੀ, ਸ਼ੁਰੂ ਕਰ ਦਿੱਤੀ ਸੀ, ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤਕ ਪੌਣੀ ਸਦੀ ਹੋਰ ਏਸੇ ਠੱਗੀ ਵਿਚ ਲੰਘ ਚੁਕੀ ਸੀ। ਜੇਕਰ 'ਗੋਸ਼ਟਾਂ' 'ਸਾਖੀਆਂ' ਆਦਿ ਤੋਂ ਜਾਚ ਕਰੀਏ, ਤਦ ਇਹ ਨਕਲੀ ਬਾਣੀ ਲਗਪਗ ਉਤਨੀ ਕੁ ਹੀ ਬਣ ਚੁਕੀ ਸੀ ਜਿੱਨੀ ਕੂ ਕਿ ਖ਼ੁਦ ਗੁਰੂ ਸਾਹਿਬ ਦੀ ਆਪਣੀ ਰਚੀ 'ਅਸਲੀ ਬਾਣੀ'। ਅਤੇ ਦੋਵੇਂ ਤਰ੍ਹਾਂ ਦੀਆਂ ਬਾਣੀਆਂ, 'ਨਕਲੀ' ਵੀ ਤੇ 'ਅਸਲੀ' ਵੀ, ਸਿਖਾਂ ਵਿਚ ਇਕੋ ਜੇਹੀਆਂ ਫੈਲੀਆਂ ਹੋਈਆਂ ਸਨ। ਕੋਈ ਗ੍ਰੰਥ ਜਾਂ ਪੋਥੀ, ਜਿਸ ਵਿਚ 'ਅਸਲੀ' ਗੁਰ ਬਾਣੀ ਇਕੱਠੀ ਕੀਤੀ ਹੋਵੇ, ਸਿੱਖਾਂ ਪਾਸ ਮੌਜੂਦ ਨਹੀਂ ਸੀ, ਜਿਸ ਦੀ ਮਦਦ ਨਾਲ ਕਿ ਉਹ 'ਨਕਲੀ' ਤੇ 'ਅਸਲੀ' ਬਾਣੀ ਵਿਚ ਪਹਿਚਾਣ ਕਰ ਸਕਣ। ਬਾਣੀ ਬਹੁਤ ਕਰਕੇ ਜ਼ਬਾਨੀ ਹੀ ਚਲੀ ਆਉਂਦੀ ਸੀ, ਜਿਸ ਕਰ ਕੇ 'ਨਕਲੀ' ਬਾਣੀ ਵਿਚ ਵੀ ਸਹਿਜ-ਸੁਭਾ ਲਫ਼ਜ਼ੀ ਫ਼ਰਕ ਪੈਂਦੇ ਜਾਂਦੇ ਸਨ। ਇਹ ਇਕ ਕੁਦਰਤੀ ਗੱਲ ਸੀ।" (ਪ੍ਰਾਚੀਨ ਬੀੜਾਂ, ਸਫ਼ਾ ੯)



Digitized by Panjab Digital Library | www.panjabdigilib.org

ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੋਏ; ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਸੰਮਤ ੧੬੫੭– ੫੮ ਬਿ: ਵਿਚ ਤੇ ਗੁਰ ਬਿਲਾਸ ਪਾਤਸ਼ਾਹੀ ੬ ਤੇ ਗੁਰ ਪ੍ਰਤਾਪ ਸੂਰਜ ਦੇ ਕਥਨ ਅਨੁਸਾਰ ਸੰਮਤ ੧੬੬੦—੬੧ ਬਿ: ਵਿਚ ਤਿਆਰ ਹੋਏ ਸਨ। 'ਸ੍ਰੀ ਆਦਿ ਗ੍ਰੰਥ ਜੀ' ਦੀਆਂ ਪ੍ਰਸਿੱਧ ਬੀੜਾਂ ਦੋ ਹਨ—(੧) ਕਰਤਾਰ ਪੁਰ (ਜਲੰਧਰ) ਵਾਲੀ ਆਦਿ ਬੀੜ, ਜਿਸ ਦੇ ਪਤ੍ਰੇ ੯੭੪ ਹਨ ਤੇ (੨) ਖਾਰੇ ਵਾਲੀ ਬੀੜ ਭਾਈ ਬੰਨੋ ਜੀ ਦੀ, ਜਿਸ ਦੇ ਪਤ੍ਰੇ, ਵੱਡਾ ਆਕਾਰ ਹੋਣ ਕਰ ਕੇ ੪੬੮ ਹਨ[1]।

'ਸ੍ਰੀ ਆਦਿ ਗ੍ਰੰਥ ਜੀ' ਦੀ ਤਿਆਰੀ ਸਮੇਂ, ਪਤਾ ਲੱਗਣ ਤੇ, ਲਾਹੌਰੋਂ ਭਗਤ ਕਾਨ੍ਹਾ ਮੁਤਸੱਦੀ, ਛੱਜੂ, ਸ਼ਾਹ ਹੁਸੈਨ ਤੇ ਪੀਲੋ[2] ਅਮ੍ਰਿਤਸਰ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਣੇ ਤੇ ਉਨ੍ਹਾਂ ਨੇ ਹੋਰ ਸੰਤਾਂ-ਭਗਤਾਂ ਵਾਂਗੁ ਆਪਣੀ ਬਾਣੀ 'ਸ੍ਰੀ ਆਦਿ ਗ੍ਰੰਥ ਜੀ' ਵਿਚ ਚੜ੍ਹਾਉਣ ਲਈ ਪੇਸ਼ ਕੀਤੀ ਜੋ ਉੱਚ ਦਰਜੇ ਦੀ ਰਚਨਾ ਨਾ ਹੋਣ ਕਰ ਕੇ ਨਾ-ਮਨਜ਼ੂਰ ਹੋ ਗਈ। ਮੁਨਸ਼ੀ ਖ਼ੁਸ਼ਵਕਤ ਰਾਇ ਲਿਖਦਾ ਹੈ ਕਿ ਇਨ੍ਹਾਂ ਸੰਤਾਂ-ਭਗਤਾਂ ਵਿਚੋਂ ਭਗਤ ਕਾਨ੍ਹਾ, ਜੋ ਲਾਹੌਰ ਦਾ ਸ਼ਾਹੀ ਮੁਤਸੱਦੀ ਸੀ, ਆ ਕੇ ਗੁਰੂ ਜੀ ਦੇ

**ਭਗਤ ਕਾਨ੍ਹੇ ਮੁਤਸੱਦੀ ਦੀ ਗੁਸਤਾਖ਼ੀ ਤੇ ਮੌਤ**

---

[1] ਨੌ ਸੈ ਚੌਹਤ੍ਰ ਹੈ ਪੰਨਾ, ਪ੍ਰਥਮ ਬੀੜ ਭਾਈ ਗੁਰਦਾਸ।
ਚਾਰ ਸਹਸ ਪੁਨ ਅਠਸਠ ਪੰਨਾ, ਭਾਈ ਬੰਨੋ ਬੀੜ ਜੁ ਖਾਸ ।।੮੪੩।।
(ਭਾਈ ਮੋਤਾ ਸਿੰਘ, ਬੰਨੋਆਣੀਆ; ਸ੍ਰੀ ਗੁਰੁ ਮਹਿਮਾ ਪ੍ਰਕਾਸ਼,
੧੯੫੩ ਬਿ:, ਸਫ਼ਾ ੧੧੪)

[2] ਚਾਰ ਭਗਤ ਤਿਹ ਠਾਂ ਰਹੈਂ, ਕਾਨ੍ਹਾ ਛੱਜੂ ਜਾਨ।
ਸ਼ਾਹ ਹੁਸੈਨ ਪੀਲੋ ਭਗਤ, ਮਨ ਮੈਂ ਭਗਤਿ ਗੁਮਾਨ ।।੩੧੧।।
(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ਚੌਥਾ)

ਭਗਤ ਕਾਨ੍ਹੇ ਤੇ ਛੱਜੂ ਦੇ ਫੁਟਕਲ ਪਦੇ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਤੇ ਪੀਲੋ ਦਾ 'ਮਿਰਜ਼ਾ ਸਾਹਿਬਾਂ' ਮਸ਼ਹੂਰ ਹਨ।



Digitized by Panjab Digital Library | www.panjabdigilib.org

ਬਰਾਬਰ ਮੰਜੀ ਉੱਤੇ ਬੈਠ ਗਿਆ। ਜਦ ਉਸ ਦੀ ਇਸ ਹਰਕਤ ਉੱਤੇ ਸਿੱਖਾਂ ਵਲੋਂ ਇਤਰਾਜ਼ ਉਠਿਆ ਤਾਂ ਉਹ ਗੁਰੂ ਜੀ ਨੂੰ ਗੁੱਸੇ ਨਾਲ ਇਹ ਕਹਿ ਕੇ ਕਿ "ਤੁਹਾਡਾ ਬ੍ਰਹਮ ਗਿਆਨ ਮਾਲੂਮ ਹੋ ਗਿਆ, ਤੁਸੀਂ ਜ਼ਾਹਿਰ ਪ੍ਰਸਤ ਹੋ, ਜਿਸ ਕਰ ਕੇ ਲਾਹੌਰ ਬਾਦਸ਼ਾਹ ਦੇ ਹਜ਼ੂਰ ਤਲਬ ਕੀਤੇ ਜਾਓਗੇ" ਵਾਪਿਸ ਚਲਾ ਗਿਆ। ਗੁਰੂ ਜੀ ਨੇ ਉੱਤਰ ਵਿਚ ਉਸ ਨੂੰ ਕਿਹਾ ਕਿ "ਤੂੰ ਲਾਹੌਰ ਪਹੁੰਚ ਹੀ ਨਾ ਸਕੇਂਗਾ।" ਸੋ ਉਹ ਜਦ ਬਹਿਲੀ ਉੱਤੇ ਸਵਾਰ ਹੋ ਕੇ ਅੰਮ੍ਰਿਤਸਰੋਂ ਚੱਲਿਆ ਤਾਂ ਅਚਾਣਕ ਰਸਤੇ ਵਿਚ ਹੀ ਗੱਡੀ ਉਲਟਣ ਕਰ ਕੇ ਮਰ ਗਿਆ। (ਦੇਖੋ, ਖ਼ੁਸ਼ਵਕਤ ਰਾਇ ਕ੍ਰਿਤ ਤ੍ਵਾਰੀਖ਼ਿ ਸਿੱਖਾਂ ਤੇ ਭਾਈ ਮੋਤਾ ਸਿੰਘ ਬੰਨੋਆਣੀਆ ਕ੍ਰਿਤ ਸ੍ਰੀ ਗੁਰ ਮਹਿਮਾ ਪ੍ਰਕਾਸ਼, ਸਫ਼ਾ ੬੬) ਭਗਤ ਕਾਨ੍ਹਾ ਸ਼ਾਹੀ ਖਤ੍ਰੀ ਚੰਦੂ ਦਾ ਸੰਬੰਧੀ ਹੋਣ ਕਰ ਕੇ ਪ੍ਰਿਥੀ ਚੰਦ ਦਾ ਪਰਮ ਮਿਤ੍ਰ ਸੀ। ਸੋਢੀ ਮਿਹਰਵਾਨ ਨੇ ਆਪਣੀ ਬਾਣੀ ਵਿਚ ਭਗਤ ਕਾਨ੍ਹੇ ਦੀ ਮਹਿਮਾ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤੀ ਹੈ :—

ਸੂਰ ਦਾਸ ਦਾਦੂ ਜਸ ਕੀਨਾ।
ਕਾਨ੍ਹਾ ਦਾਸ ਤੇਰੇ ਨਾਮ ਸੰਗਿ ਲੀਨਾ।
ਨੇਤਿ ਨੇਤਿ ਕਹਿ ਵੇਦ ਸੁਨਾਵੈ।
ਸੰਤ ਧੂਰਿ ਨਾਨਕੁ ਜਨੁ ਪਾਵੈ ॥ ੮ ॥

(ਇਕ ਪੁਰਾਤਨ ਹੱਥ ਲਿਖਿਤ-ਸੰਗ੍ਰਹਿ ਵਿੱਚੋਂ)

**ਸੁਲਬੀ ਖ਼ਾਨ ਦਾ ਕਤਲ**

ਇਸੇ ਸਮੇਂ ਵਿਚ, ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਆਦਿ ਗ੍ਰੰਥ ਜੀ' ਦੀ ਬੀੜ ਤਿਆਰ ਕੀਤੀ ਤਾਂ ਚੰਦੂ ਸ਼ਾਹੀ ਨੇ ਬਾਦਸ਼ਾਹ ਅਕਬਰ ਨੂੰ ਪੰਜਾਬ ਦਾ ਦੌਰਾ ਕਰਨ ਸਮੇਂ ਇਹ ਕਹਿਕੇ ਸ਼ੱਕ ਪਾਇਆ ਕਿ "ਗੁਰੂ ਸਾਹਿਬ ਆਪਣੇ ਪਾਸ ਡਾਕੂ ਤੇ ਲੁਟੇਰੇ ਰਖਦੇ ਹਨ, ਜੋ ਪ੍ਰਜਾ ਨੂੰ ਲੁੱਟ ਕੇ ਹਮੇਸ਼ਾ ਬਦਅਮਨੀ ਫੈਲਾਈ ਰਖਦੇ ਹਨ। ਬਾਦਸ਼ਾਹ ਨੇ ਇਸ ਬਦ-ਅਮਨੀ ਨੂੰ ਰੋਕਣ ਲਈ ਸੁਲਬੀ ਖ਼ਾਨ ਅਫ਼ਗਾਨ ਨਿਯਤ ਕੀਤਾ, ਪਰ ਕੁਦਰਤ ਕਰਤਾਰ ਦੀ ਅਜਿਹੀ ਹੋਈ ਕਿ ਜਦ ਸੁਲਬੀ ਖ਼ਾਨ ਨਗਰ ਗੋਇੰਦਵਾਲ ਦੇ ਨੇੜੇ ਪੁੱਜਾ ਤਾਂ ਇਕ ਸੱਯਦ ਨੌਕਰ ਨੇ, ਜਿਸ ਨੂੰ ਉਸ ਦਾ ਪਿਉ ਤਨਖ਼੍ਵਾਹ ਨਹੀਂ ਸੀ ਦਿੰਦਾ, ਹਮਲਾ ਕਰ ਕੇ ਕਤਲ



Digitized by Panjab Digital Library | www.panjabdigilib.org

ਕਰ ਦਿੱਤਾ । ਇਸ ਘਟਨਾ ਦਾ ਪਤਾ ਲੱਗਣ ਤੇ ਦੀਵਾਨ ਚੰਦੂ ਲਾਲ ਤੇ ਪ੍ਰਿਥੀ ਚੰਦ ਨੇ ਬਾਦਸ਼ਾਹ ਪਾਸ ਉਹੋ ਸ਼ਿਕਾਇਤ ਫੇਰ ਦੁਹਰਾਈ ਕਿ ਗੁਰੂ ਸਾਹਿਬ ਆਪਣੇ ਪਾਸ ਧਾੜਵੀ ਤੇ ਡਾਕੂ ਰਖਦੇ ਹਨ, ਜੋ ਰਿਆਇਆ ਦੇ ਲੋਕਾਂ ਨੂੰ ਲੁਟਦੇ ਤੇ ਕਤਲ ਕਰਦੇ ਰਹਿੰਦੇ ਹਨ, ਤੇ ਹੁਣ ਸੁਲਬੀ ਖ਼ਾਨ ਵੀ ਗੁਰੂ ਸਾਹਿਬ ਨੇ ਹੀ ਕਤਲ ਕਰਵਾਇਆ ਹੈ[1] ।

ਸ਼ਾਹ ਅਕਬਰ ਇਸ ਗੱਲੋਂ ਹੋਰ ਵੀ ਗ਼ੁੱਸੇ ਹੋਇਆ ਤੇ ਉਸ ਨੇ ਸੁਲਹੀ ਖ਼ਾਨ ਹਾਕਿਮ ਲਾਹੌਰ ਦੇ ਨਾਮ ਹੁਕਮ ਜਾਰੀ ਕੀਤਾ ਕਿ ਸੁਲਬੀ ਖ਼ਾਨ ਦੇ ਕਤਲ ਦੀ ਪੜਤਾਲ ਕੀਤੀ ਜਾਵੇ । ਸੁਲਹੀ ਖ਼ਾਨ ਚੂੰਕਿ ਚੰਦੂ ਲਾਲ ਦਾ ਪੱਗ-ਵੱਟ ਯਾਰ ਸੀ, ਇਸ ਲਈ ਪ੍ਰਿਥੀ ਚੰਦ ਵੀ ਉਸੇ ਮਿਤ੍ਰਤਾ ਨੂੰ ਮੁਖ ਰੱਖ ਕੇ ਉਸ ਦੇ ਨਾਲ ਸ਼ਾਮਲ ਹੋ ਗਿਆ । ਜਦ ਦੋਵੇਂ ਪਿੰਡ ਹੇਹਰ ਪੁੱਜੇ ਤਾਂ ਪ੍ਰਿਥੀ ਚੰਦ ਸ਼ਿਕਾਰ ਦੇ ਬਹਾਨੇ ਆਪਣੇ ਇੱਟਾਂ ਦੇ ਆਵੇ, ਜੋ ਅਜੇ ਨਵੇਂ ਹੀ ਚਾੜ੍ਹੇ ਸਨ, ਦਿਖਾਉਣ ਵਾਸਤੇ ਲੈ ਗਿਆ । ਆਵਿਆਂ ਦੇ ਕੋਲ ਜਾ ਕੇ ਸੁਲਹੀ ਦਾ ਘੋੜਾ ਅਚਾਣਕ ਤ੍ਰਬਕ ਉਠਿਆ ਤੇ ਉਹ ਸਣੇ ਸਵਾਰ ਧੜੰਮ ਆਵੇ ਵਿਚ ਜਾ ਡਿੱਗਿਆ । ਸੁਲਹੀ ਖ਼ਾਨ ਉਸੇ ਵੇਲੇ ਅੱਗ ਨਾਲ ਦਗਧ ਹੋ ਕੇ ਮਰ ਗਿਆ[2] । ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਸ ਘਟਨਾ ਦੀ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਸਹਿਜ ਸੁਭਾਉ ਹੀ ਰਾਗ ਬਿਲਾਵਲ ਵਿਚ ਇਹ ਸ਼ਬਦ ਉਚਾਰਿਆ :

ਸੁਲਹੀ ਖ਼ਾਨ ਦੀ ਮੌਤ

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨਾ ਪਹੁਚੈ,
ਸੁਲਹੀ ਹੋਇ ਮੂਆ ਨਾ ਪਾਕੁ[3] ॥੧॥

---

[1]ਗਿਆਨੀ ਗਿਆਨ ਸਿੰਘ, ਤ੍ਵਾਰੀਖ਼ਿ ਗੁਰੂ ਖ਼ਾਲਸਾ, ਉਰਦੂ, ਹਿੱਸਾ ਅੱਵਲ, ਸਫ਼ਾ ੧੦੨ ।

[2]ਗਿਆਨੀ ਗਿਆਨ ਸਿੰਘ, ਤ੍ਵਾਰੀਖ਼ ਗੁਰੂ ਖ਼ਾਲਸਾ, ਉਰਦੂ, ਹਿੱਸਾ ਅਵਲ, ਸਫ਼ੇ ੧੦੨—੦੩ ।

[3]ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੬ ।



Digitized by Panjab Digital Library | www.panjabdigilib.org

ਕਵੀ ਸੋਹਨ ਨੇ ਗੁਰ ਬਿਲਾਸ ਪਾਤਸ਼ਾਹੀ ੬ ਵਿਚ ਸੁਲਬੀ ਖ਼ਾਨ ਨੂੰ ਸੁਲਹੀ ਖ਼ਾਨ ਦਾ ਭਤੀਜਾ ਦੱਸਿਆ ਹੈ ਤੇ ਲਿਖਿਆ ਹੈ ਕਿ ਇਹ ਸ਼ਾਹ ਜਹਾਂਗੀਰ ਦੇ ਸਮੇਂ ਦੀਆਂ ਘਟਨਾਵਾਂ ਹਨ[1], ਪਰ ਅਸੀਂ ਇਹ ਘਟਨਾਵਾਂ ਸ਼ਾਹ ਅਕਬਰ ਦੇ ਸਮੇਂ ਦੀਆਂ ਹੋਣ ਕਰ ਕੇ ਗਿਆਨੀ ਗਿਆਨ ਸਿੰਘ ਦੇ ਕਥੇ ਕ੍ਰਮ-ਅਨੁਸਾਰ ਹੀ ਸਹੀ ਰੱਖੀਆਂ ਹਨ।

ਪ੍ਰਿਥੀ ਚੰਦ ਇਹ ਚਾਲ ਫੇਲ ਹੋਣ ਤੇ ਵੀ ਕਿਸੇ ਗੱਲੋਂ ਨਿਰਾਸ਼ ਨਹੀਂ ਹੋਇਆ, ਸਗੋਂ ਚੰਦੂ ਸਾਹੀ ਨਾਲ ਉਸ ਦੀ ਮਿਤ੍ਰਤਾ ਹੋਰ ਵੀ ਪੀਡੀ ਤੇ ਗਹਿਰੀ ਹੋ ਗਈ। ਸੰਮਤ ੧੬੫੮ ਬਿ: ਵਿਚ ਜਦ ਸ਼ਾਹ ਅਕਬਰ ਲਾਹੌਰ ਨੂੰ ਜਾਂਦਾ ਹੋਇਆ

**ਸ਼ਾਹ ਅਕਬਰ ਨੇ ਸ੍ਰੀ ਆਦਿ ਗ੍ਰੰਥ ਜੀ ਦਾ ਪਾਠ ਸੁਣਿਆ**

ਵਟਾਲੇ ਪੁੱਜਾ ਤਾਂ ਚੰਦੂ ਨੇ ਨਵਾਂ ਪੈਂਤੜਾ ਬਦਲ ਕੇ ਸ਼ਿਕਾਇਤ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਅਜਿਹਾ ਗ੍ਰੰਥ ਬਣਾਇਆ ਹੈ ਜਿਸ ਵਿਚ ਹਿੰਦੂ-ਮੁਸਲਮਾਨਾਂ ਦੇ ਅਵਤਾਰਾਂ ਤੇ ਪੀਰਾਂ-ਪੈਗ਼ੰਬਰਾਂ ਦੀ ਨਿੰਦਾ ਕੀਤੀ ਗਈ ਹੈ। ਪ੍ਰਿਥੀਏ ਦਾ ਪੁਤ੍ਰ ਸੋਢੀ ਮਿਹਰਵਾਨ ਇਸ ਸਮੇਂ ਚੂੰਕਿ ਹਿੰਦੂ-ਮੁਸਲਮਾਨ ਅਵਤਾਰਾਂ ਤੇ ਪੀਰਾਂ-ਪੈਗ਼ੰਬਰਾਂ ਨੂੰ 'ਵਾਰਾਂ' ਰਚ ਰਚ ਕੇ ਸਲਾਹ ਰਿਹਾ ਸੀ, ਅਤੇ ਇਸੇ ਉੱਦੇਸ਼ ਨਾਲ ਉਸ ਨੇ ਰਾਗ ਬਿਲਾਵਲ ਮਹਲਾ ੭ ਵਿਚ ਵਾਰਾਂ ਪੀਰਾਂ ਕੀ[2], ਆਦਿ ਰਾਮਾਇਣ, ਆਦਿ ਮਹਾ-ਭਾਰਤ, ਆਦਿ ਕਥਾ ਹਜ਼ਰਤ ਮੁਹੰਮਦ ਸਾਹਿਬ ਕੀ, ਕਥਾ ਇਮਾਮ ਹਸਨ ਹੁਸੈਨ ਕੀ, ਆਦਿ ਪੁਸਤਕਾਂ ਉਚੇਚਾ ਜਤਨ ਕਰ ਕੇ ਤਿਆਰ ਕੀਤੀਆਂ ਸਨ ਜਿਨ੍ਹਾਂ ਵਿਚ ਚੱਜ ਦੀ ਗੱਲ ਸਿਵਾਇ ਅਵਤਾਰਾਂ ਤੇ ਪੀਰਾਂ-ਫ਼ਕੀਰਾਂ ਦੀ ਉਪਮਾ ਦੇ ਹੋਰ ਕੋਈ ਨਹੀਂ ਸੀ। ਬਾਦਸ਼ਾਹ ਨੇ ਜਦ ਚੰਦੂ ਦੀ ਇਸ ਸ਼ਿਕਾਇਤ ਬਾਰੇ ਪੁੱਛ-ਪੜਤਾਲ ਕੀਤੀ ਤੇ 'ਸ੍ਰੀ ਆਦਿ ਗ੍ਰੰਥ ਜੀ' ਦੀ ਬੀੜ ਮੰਗਵਾ ਕੇ ਬਾਬਾ ਬੁੱਢਾ ਜੀ ਤੋਂ ਉਸ

---

[1]ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੬/੨੫ ਤੇ ਅਧਿਆਇ ੭/੫੮—੫੯।

[2]ਇਹ ਵਾਰ ਮੇਰੀ ਪੁਸਤਕ 'ਸਿੱਖੀ ਤੇ ਸਿੱਖ ਇਤਿਹਾਸ' (੧੯੫੧) ਵਿਚ ਸਫ਼ੇ ੮੮ ਤੋਂ ੯੮ ਤਕ ਛਪ ਚੁੱਕੀ ਹੈ।



Digitized by Panjab Digital Library | www.panjabdigilib.org

ਦਾ ਪਾਠ ਸੁਣਿਆ :—

ਅਲਹ ਅਗਮ ਖੁਦਾਈ ਬੰਦੇ ॥
ਛੋੜਿ ਖਿਆਲ ਦੁਨੀਆ ਕੇ ਧੰਦੇ ॥
(ਮਾਰੂ ਮਸਲਾ ੫)

ਘਰ ਮਹਿ ਠਾਕੁਰੁ ਨਦਰਿ ਨ ਆਵੈ ॥
ਗਲ ਮਹਿ ਪਾਹਣੁ ਲੈ ਲਟਕਾਵੈ ॥
(ਸੂਹੀ ਮਹਲਾ ੫)

ਤਾਂ ਉਸ ਦਾ ਸ਼ੱਕ ਆਪਣੇ ਆਪ ਦੂਰ ਹੋ ਗਿਆ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਭੇਟਾ ਵਜੋਂ ੫੧ ਅਸ਼ਰਫ਼ੀਆਂ 'ਸ੍ਰੀ ਆਦਿ ਗ੍ਰੰਥ ਜੀ' ਅੱਗੇ ਰੱਖੀਆਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੜੀ ਸ਼ਰਧਾ ਨਾਲ ਕੀਮਤੀ ਖ਼ਿਲਤ ਭੇਜਿਆ। ਫੇਰ ਇਸ ਤੋਂ ਚਾਰ ਕੁ ਵਰ੍ਹੇ ਪਿੱਛੋਂ ਸੰਮਤ ੧੬੬੨ ਵਿਚ ਜਦ ਉਹ ਦੋਬਾਰਾ ਇਲਾਕੇ ਦਾ ਦੌਰਾ ਕਰਨ ਆਇਆ ਤਾਂ ਉਸ ਨੇ ਅਮ੍ਰਿਤਸਰ ਪਹੁੰਚ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ[1]।

ਸ਼ਾਹ ਅਕਬਰ ਬੜਾ ਮੁਨਸਿਫ਼ ਮਿਜਾਜ਼ ਤੇ ਸੁਲਹ ਕੁਲ ਬਾਦਸ਼ਾਹ ਸੀ। ਜਦ ਤਕ ਉਹ ਜੀਵਿਆ, ਉਸ ਦੇ ਰਾਜ ਵਿਚ ਗੁਰੂ-ਘਰ ਤੋਂ ਵਿਰੁੱਧ ਨਾਂ ਤਾਂ ਪ੍ਰਿਥੀ ਚੰਦ ਦੀ ਹੀ ਦਾਲ ਗਲੀ ਤੇ ਨਾ ਹੀ ਚੰਦੂ ਸਾਹੀ ਦਾ ਹੀ ਕੋਈ ਜ਼ੋਰ ਚੱਲ ਸਕਿਆ। ਇਸ ਤੋਂ ਪਿੱਛੋਂ ੧੬ ਅਕਤੂਬਰ ਸੰਨ ੧੬੦੫ ਈ: (ਮੁਤਾਬਿਕ ਸੰਮਤ ੧੬੬੩ ਬਿ: ਨੂੰ ਅਕਬਰ ਦਾ ਦੇਹਾਂਤ ਹੋਣ ਤੇ ਜਦ ਉਸ ਦੀ ਥਾਵੇਂ ਬਾਦਸ਼ਾਹ ਜਹਾਂਗੀਰ ਸ਼ਾਹੀ ਤਖ਼ਤ ਉਤੇ ਬੈਠਿਆ ਤਾਂ ਇਹ ਅਮਨ-ਭਰੇ ਹਾਲਾਤ ਧੀਰੇ ਧੀਰੇ ਕੁਝ ਹੋਰਵੇਂ ਰੰਗ ਬਦਲਨ ਲੱਗ ਪਏ।

**ਸ਼ਾਹ ਅਕਬਰ ਦਾ ਅੰਤ ਤੇ ਜਹਾਂਗੀਰ ਨੂੰ ਗੱਦੀ**

ਕਾਰਣ ਬਹੁਤਾ ਇਹੋ ਸੀ ਕਿ ਬਾਦਸ਼ਾਹ ਜਹਾਂਗੀਰ ਚੱਤੋ ਪਹਿਰ ਸ਼ਰਾਬ ਦੇ ਨਸ਼ੇ ਵਿਚ ਗੱਚ ਰਹਿਣ ਕਰ ਕੇ ਸਲਤਨਤ ਦੇ ਕੰਮਾਂ ਦੀ ਏਨੀ ਪਰਵਾਹ ਨਹੀਂ ਸੀ ਕਰਦਾ।

---

[1]ਗਿਆਨੀ ਗਿਆਨ ਸਿੰਘ, ਤ੍ਵਾਰੀਖ਼ਿ ਗੁਰੂ ਖ਼ਾਲਸਾ, ਉਰਦੂ, ਹਿੱਸਾ ਅੱਵਲ, ਸਫ਼ੇ ੧੦੩—੦੪।



Digitized by Panjab Digital Library | www.panjabdigilib.org

ਕਈ ਖ਼ੁਦਗਰਜ਼ ਲੋਕ, ਜੋ ਪਹਿਲਾਂ ਡਰਦੇ ਮਾਰੇ ਸਿਰ ਨਹੀਂ ਸਨ ਚੁਕਦੇ, ਇਸ ਦੇ ਗੱਦੀ ਬੈਠਣ ਸਾਰ ਮਨ-ਆਈਆਂ ਲੱਗ ਪਏ।

**ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ**

ਜਹਾਂਗੀਰ ਦਾ ਵੱਡਾ ਪੁਤ੍ਰ ਖ਼ੁਸਰੋ ਅਚਾਨਕ ਬਾਗ਼ੀ ਹੋ ਗਿਆ ਤੇ ਉਹ ਜਦ ਹਿੰਦੁਸਤਾਨੋਂ ਭੱਜ ਕੇ ਲਾਹੌਰ ਨੂੰ ਜਾਂਦਾ ਹੋਇਆ ਰਸਤੇ ਵਿਚ ਤਰਨ ਤਾਰਨ ਦੇ ਲਾਗੇ[1] ਠਹਿਰਿਆ ਤਾਂ ਉਸ ਨੇ ਹੱਥ ਤੰਗ ਹੋਣ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਮਾਲੀ ਸਹਾਇਤਾ ਮੰਗੀ। ਗੁਰੂ ਸਾਹਿਬ ਨੇ ਰਹਿਮ ਕਰਕੇ ਉਸ ਨੂੰ ਗੁਜ਼ਾਰੇ ਵਜੋਂ ੫੦੦੦) ਰੁਪਏ ਦੇ ਦਿੱਤੇ। ਉਸ ਸਮੇਂ ਦੀਵਾਨ ਚੰਦੂ ਸ਼ਾਹੀ ਦੇ ਕਿਸੇ ਆਦਮੀ ਨੇ, ਜੋ ਮੌਕੇ ਤੇ ਉਥੇ ਮੌਜੂਦ ਸੀ, ਇਸ ਗੱਲ ਦੀ ਇਤਲਾਹ ਚੰਦੂ ਹੋਰਾਂ ਨੂੰ ਜਾ ਸੁਣਾਈ। ਦੂਜੇ ਦਿਨ ਸਵੇਰੇ ਹੀ ਚੰਦੂ ਸ਼ਾਹੀ ਨੇ ਉਹੋ ਖ਼ਬਰ ਬਾਦਸ਼ਾਹ ਜਹਾਂਗੀਰ ਦੇ ਕੰਨਾਂ ਵਿਚ ਪਾ ਦਿੱਤੀ[2]।

---

[1] ਤੁਜ਼ਕਿ ਜਹਾਂਗੀਰੀ ਦੇ ਅਨੁਸਾਰ ਗੋਇੰਦਵਾਲ।

[2] ਭਾਈ ਸੰਤੋਖ ਸਿੰਘ ਇਸ ਬਾਰੇ ਇਉਂ ਲਿਖਦਾ ਹੈ :—

'ਸ਼ਾਹੁ ਰੋਸ ਬਹੁ ਮੋ ਪਰ ਕੀਨੋ।
ਦੇਸ ਨਿਕਾਰਾ ਕਹਿ ਕਰਿ ਦੀਨੋ...॥ ੯ ॥
ਖਰਚ ਗਯੋ ਥੁਰ, ਪਾਸ ਨ ਪੈਸਾ।
ਦਿਨ ਪ੍ਰਤਿ ਛੁਧਿਤ ਰੰਕ ਹ੍ਵੈ ਜੈਸਾ ॥੧੦॥
ਜਬਹਿ ਚਲਨ ਕਉ ਤਿਨ ਮਨ ਕੀਨਾ।
ਪੰਚ ਸਹੰਸ੍ਰ ਗੁਰੂ ਧਨ ਦੀਨਾ।
ਲੇ ਕਰਿ ਨਮੋ ਠਾਨਿ ਸਹਜਾਦਾ।
ਗਮਨਯੋ ਪਸਚਿਮ ਦਿਸ ਅਹਿਲਾਦਾ ॥੧੩॥
ਜਿਸ ਦਿਨ ਲੇ ਤਿਨ ਕੀਨ ਪਯਾਨ।
ਨਰ ਚੰਦੂ ਕੋ ਇਕ ਤਿਸ ਥਾਨ।
ਸਕਲ ਵਾਰਤਾ ਸੁਨਿ ਕਰਿ ਗਯੋ।
ਚੰਦੂ ਨਿਕਟਿ ਸੁਨਾਵਤ ਭਯੋ ॥੧੪॥

(ਗੁਰ ਪ੍ਰਤਾਪ ਸੂਰਜ, ਰਾਸ਼ਿ ੪, ਅੰਸੂ ੨੯)



Digitized by Panjab Digital Library | www.panjabdigilib.org

ਸ਼ਾਹ ਜਹਾਂਗੀਰ 'ਤੁਜ਼ਕਿ ਜਹਾਂਗੀਰੀ' ਵਿਚ ਲਿਖਦਾ ਹੈ ਕਿ "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਮੇਂ ਖ਼ੁਸਰੋ ਦੇ ਮੱਥੇ ਉਤੇ ਕੇਸਰ ਦਾ ਟਿੱਕਾ ਲਗਾਇਆ, ਜਿਸ ਨੂੰ ਕਿ ਹਿੰਦੂ ਲੋਕ ਚੰਗਾ ਸ਼ਗਨ ਸਮਝਦੇ ਹਨ। ਜਦ ਇਸ ਗੱਲ ਦਾ ਪਤਾ ਮੈਨੂੰ ਲਗਾ ਤਾਂ ਮੈਂ ਉਸ ਨੂੰ ਆਪਣੇ ਸਾਮ੍ਹਣੇ ਹਾਜ਼ਰ ਹੋਣ ਦਾ ਹੁਕਮ ਦਿੱਤਾ ਤੇ ਉਸ ਦੇ ਘਰ-ਬਾਰ ਤੇ ਪਰਿਵਾਰ (ਸੰਤਾਨ ਆਦਿ) ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤੇ ਅਤੇ ਉਸ ਦੀ ਕੁੱਲ ਜਾਇਦਾਦ ਜ਼ਬਤ ਕਰ ਕੇ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇ ਦਿੱਤਾ। (ਬਾਬੂ ਬ੍ਰਜ ਰਤਨ ਦਾਸ, ਜਹਾਂਗੀਰ ਕਾ ਆਤਮ-ਚਰਿਤ, ਸਫ਼ੇ ੧੪੭—੪੮) ਇਸੇ ਕਰ ਕੇ ਜੇਠ ਸੁਦੀ ੪, ਸੰਮਤ ੧੬੬੩ ਬਿ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤਸੀਹੇ ਦੇ ਕੇ ਲਾਹੌਰ ਦੇ ਕਿਲ੍ਹੇ ਲਾਗੇ ਸ਼ਹੀਦ ਕੀਤੇ ਗਏ।

**ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ**

ਇਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹੜੇ ਕਿਹੜੇ ਤਸੀਹੇ ਕਿਤਨਾ ਚਿਰ ਤੇ ਕਿਸ ਤਰ੍ਹਾਂ ਦਿੱਤੇ ਗਏ, ਇਸ ਬਾਰੇ ਭਾਈ ਕੇਸਰ ਸਿੰਘ ਜੀ ਛਿੱਬਰ ਆਪਣੀ ਪੁਸਤਕ ਬੰਸਾਵਲੀ ਨਾਮੇ ਵਿਚ ਇਹ ਦਰਦਨਾਕ ਦਾਸਤਾਨ ਇਸ ਤਰ੍ਹਾਂ ਲਿਖਦੇ ਹਨ :—

**ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਤੇ ਚੰਦੂ ਦੀ ਨੂੰਹ ਵਲੋਂ ਅਫ਼ਸੋਸ**

ਫੇਰ ਪ੍ਰਿਥੀਆ ਅਮ੍ਰਿਤਸਰੋਂ ਭੇਦ ਲੈ ਕੇ ਆਇਆ ਲਾਹੌਰ।<br>
ਬਿਨ ਦੁਸਟੀ ਗਲ ਕਰੇ ਨ ਹੋਰ।<br>
ਨਿਤ ਨਿਤ ਦੀ ਚੁਗਲੀ ਇਕ ਦਿਨ ਫੁਰੀ।<br>
ਸੰਮਤ ਸੋਲਾਂ ਸੈ ਬਾਹਟਵੇਂ ਦਸਤਕ ਟੁਰੀ ॥੧੦੨॥<br>
ਨਵਾਬ ਕਹਿਆ, "ਹਿੰਦੂ ਨੂੰ ਲੈ ਆਓ।<br>
ਕਰੋ ਦਸਤਕ ਪਿਆਦੇ ਜਾਓ।"<br>
ਤੁਰਕਾਂ ਦਾ ਵਧਿਆ ਸੀ ਜੋਰ ਅਤੇ ਰਾਜ।<br>
ਰਲ ਮਿਲ ਸਾਹੀਆਂ ਤੇ ਭਾਈਆਂ ਕੀਤਾ ਕੁਕਾਜ ॥੧੦੩॥<br>
ਸਾਹਿਬ ਸੁਣਿਆ ਜੋ ਚੁਗਲੀ ਹੋਈ।<br>
ਮਨ ਵਿਚ ਗਿਣੀ ਜੋ ਸਕਾ ਭਰਾ ਹੋਇ ਕੇ<br>
ਐਸੀ ਕਰੇ ਨ ਕੋਈ।......



Digitized by Panjab Digital Library | www.panjabdigilib.org

ਸਾਹਿਬ ਮਥਾ ਟੇਕਿ ਵਿਦਿਆ ਹੋਇ ਗਏ।
ਦੁਸਟਿ ਚਉਕੜੀ ਵਿਚ ਆਵਤ ਭਏ।
ਜਵਾਬ ਸਵਾਲ ਬਹੁਤ ਹੀ ਹੋਇਆ।
ਭਏ ਕੈਦ ਦੁਖ ਪਾਇਆ, ਸੁਖ ਖੋਇਆ ॥੧੩੫॥

ਸਤ ਮਾਸ ਸੂਮ ਅਤਿ ਪਾਇਆ।
ਦੁਸਟਾ ਬਾਦ ਵਡਾ ਸੀ ਉਠਾਇਆ।...
ਸਾਹੀਆਂ ਦੇ ਘਰਿ ਵਿਚਿ ਇਕ ਆਹੀ ਵਹੁਟੀ, ਉਨ੍ਹਾਂ ਦੀ ਨੂੰਹ।
ਸਾਹਿਬ ਦੇ ਦੁਖ ਸੁਣ ਕੇ ਉਹ ਮੰਦਾ ਕਰੇ ਮੂੰਹ ॥੧੩੭॥

ਉਹ ਆਖੇ ਭਾਈ ਸਹੁਰੇ ਨੂੰ, "ਬੁਰਾ ਹੈ ਕੀਤਾ।
ਉਹ ਸਾਧੁ ਫਕੀਰ, ਉਨ੍ਹਾਂ ਕੀ ਅਸਾਡਾ ਹੈ ਲੀਤਾ।"
ਉਸ ਵਹੁਟੀ ਦਾ ਕਹਿਆ ਮੰਨੇ ਨਾਹੀ।
ਉਹ ਸੁਣੇ ਦੁਖੇ ਆਪਣੇ ਮਨ ਮਾਹੀ ॥੧੩੮॥

ਓੜਕ ਬੰਧ ਕੇ ਰੇਤੀ ਵਿਚ ਸੁਟਾਏ।
ਜੇਠ ਮਾਸ ਦੀ ਧੁਪ ਪਿੰਡਾ ਸੜਿ ਜਾਏ।
ਇਕ ਮੁਗਲ ਕਾਫਰ ਨੇ ਇਟ ਚਲਾਈ।
ਨਾਲੇ ਮੂੰਹ ਤੇ ਮੰਦਾ ਅਲਾਈ ॥੧੩੯॥

ਸੋ ਭਰਵਟੇ ਉਪਰਿ ਚੋਟ ਆ ਲਗੀ।
ਚਲਿਆ ਲੋਹੂ, ਧਾਰਾ ਵਗੀ।
ਤਿਸੀ ਚੋਟ ਕਰਿ ਛੁਟੀ ਦੇਹ।
ਪਈ ਸਿਰਿ ਦੁਸਟ ਦੇ ਖੇਹ ॥੧੪੦॥

ਡਰਦਾ ਹਿੰਦੂ ਪਾਸ ਨ ਕੋਈ ਜਾਏ।
ਸੋ ਬਧੇ ਹੋਏ ਹੀ ਦਿਤੇ ਨਦੀ ਰੁੜਾਏ।
ਸੰਮਤ ਸੋਲਾਂ ਸੈ ਤ੍ਰਿਹਟਿ ਜੇਠ ਮਹੀਨੇ।
ਚੰਨੋ ਚਾਨਣੀ ਚਉਥ ਜਲਿ ਵਹਾਇ ਸੋ ਦੀਨੇ ॥੧੪੧॥



Digitized by Panjab Digital Library | www.panjabdigilib.org

ਹੋਰ ਸਿੱਖ ਲੇਖਕ ਛਿੱਬਰ ਜੀ ਦੀ ਇਸ ਗਵਾਹੀ ਨਾਲ ਸੰਮਤੀ ਨਹੀਂ ਰਖਦੇ । ਉਹ ਲਿਖਦੇ ਹਨ ਕਿ ਗੁਰੂ ਜੀ ਦੀਵਾਨ ਚੰਦੂ ਲਾਲ ਦੇ ਹੁਕਮ ਨਾਲ ਤੱਤੀਆਂ ਤਵੀਆਂ ਉਤੇ ਬਿਠਾ ਕੇ ਤੇ ਸ਼ਰੀਰ ਉਪਰ ਤੱਤੀ ਰੇਤ ਪਾ ਕੇ ਸ਼ਹੀਦ ਕੀਤੇ ਗਏ ਸਨ ।

**ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗੁਰ-ਗੱਦੀ**

ਗੁਰੂ ਸਾਹਿਬ ਇਸ ਤਰ੍ਹਾਂ ਭਾਣਾ ਵਰਤਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਨਾਲ ਹਕੂਮਤ ਵਲੋਂ ਕੀ ਵਰਤਾਉ ਹੋਵੇਗਾ । ਇਸੇ ਕਰ ਕੇ ਉਨ੍ਹਾਂ ਲਾਹੌਰ ਜਾਣ ਤੋਂ ਪਹਿਲਾਂ ਹੀ ਆਪਣੇ ਪੁਤ੍ਰ ਸ੍ਰੀ ਹਰਿ ਗੋਬਿੰਦ ਜੀ ਨੂੰ ਗੁਰ-ਗੱਦੀ ਦੇ ਦਿੱਤੀ ਤੇ ਦੁਆਬੇ ਵਿਚ ਕਰਤਾਰ ਪੁਰ ਚਲੇ ਜਾਣ ਦੀ ਨਸੀਹਤ ਦੇ ਕੇ ਭਾਈ ਗੁਰਦਾਸ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ :—

ਅਸਾਡਾ ਲਗੇਗਾ ਸੀਸ, ਇਹੁ ਨਿਸਚਾ ਆਇਆ ।
ਹਰਿ ਗੋਬਿੰਦ ਦਾ ਖਸਮਾਨਾ ਹੈ ਤੁਸਾਂ ਨੂੰ ਕਰਨਾ ਆਇਆ ॥੧੩੩॥
ਅਸਾਂ ਹੋਇਆ ਤੁਰਕਾਂ ਵਿਚਿ ਜਾਣਾ
ਉਨ੍ਹਾਂ ਕਰਨੀ ਹੈ ਹੁੱਜਤ,
ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ ॥ ੧੩੪ ॥

(ਬੰਸਾਵਲੀ ਨਾਮਾ; ਚਰਣ ਪੰਜਵਾਂ)

ਤੇ ਇਸ ਦੇ ਨਾਲ ਹੀ ਛਿੱਬਰ ਹੋਰਾਂ ਬੰਸਾਵਲੀ ਨਾਮੇ ਦੇ ਛੇਵੇਂ ਚਰਣ ਵਿਚ ਲਿਖਿਆ ਹੈ : —

ਕਰ ਸਵਾਰਾ ਆਪ ਸਾਹਿਬ ਸੁਰ ਪੁਰ ਨੂੰ ਗਏ ।
ਪ੍ਰਿਥੀਏ ਕੇ ਮੰਜੀ ਗੁਰਿਆਈ ਦੀ ਪਾਵਤ ਭਏ ॥

ਏਥੇ ਜ਼ਰਾ ਸੋਚਣ ਵਾਲੀ ਗੱਲ ਹੈ ਕਿ ਜਦ ਗੁਰੂ ਜੀ ਨੇ ਗੁਰੂ-ਗੱਦੀ ਸ੍ਰੀ ਹਰਿ ਗੋਬਿੰਦ ਜੀ ਨੂੰ ਦੇ ਦਿੱਤੀ ਤਾਂ ਫਿਰ ਪ੍ਰਿਥੀਏ ਕੇ ਗੁਰ-ਗੱਦੀ ਦੇ ਮਾਲਿਕ ਕਿਵੇਂ ਬਣ ਗਏ ? ਇਸ ਦਾ ਸਹੀ ਉੱਤਰ ਇਹੋ ਹੈ ਕਿ ਗੁਰੂ-ਗੱਦੀ ਅਸਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਕੁਝ ਮਨ ਮੁਖ ਲੋਕਾਂ ਨੇ ਸੇਲੀ, ਟੋਪੀ



Digitized by Panjab Digital Library | www.panjabdigilib.org

**ਪ੍ਰਿਥੀਏ ਦੀ ਅਲਹਿਦਾ ਗੱਦੀ**

ਦੇ ਪਿੱਛੇ ਗਈ ਸਮਝ ਲਈ ਤੇ ਸੇਲੀ, ਟੋਪੀ, ਮਾਲਾ ਤੇ ਪੋਥੀ ਚੂੰਕਿ ਪ੍ਰਿਥੀਏ ਦੇ ਪੁਤ੍ਰ ਮਿਹਰਵਾਨ ਕੋਲ ਸਨ, ਇਸ ਲਈ ਗੁਰ-ਗੱਦੀ ਵੀ ਉਸੇ ਦੇ ਨਾਂ ਤੇ ਪ੍ਰਿਥੀ ਚੰਦ ਨਾਲ ਮਨਸੂਬ ਕਰ ਦਿੱਤੀ। ਸ਼ਾਇਦ ਇਸੇ ਕਾਰਣ ਮੁਹਸਨ-ਫ਼ਾਨੀ ਨੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਗੁਰੁ-ਗੱਦੀ ਪ੍ਰਿਥੀ ਚੰਦ ਪਾਸ ਚਲੀ ਗਈ ਲਿਖ ਦਿੱਤੀ ਹੈ[1], ਜੋ ਦਰ ਅਸਲ ਠੀਕ ਨਹੀਂ ਹੈ।

ਸੋਢੀ ਹਰਿ ਜੀ, ਸੋਢੀ ਮਿਹਰਵਾਨ ਦੀ ਜੀਵਨ-ਕਥਾ ਵਿਚ ਇਕ ਥਾਵੇਂ ਲਿਖਦੇ ਹਨ ਕਿ ਪ੍ਰਿਥੀ ਚੰਦ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਕੋਈ ਜ਼ਾਤੀ ਵਿਰੋਧ ਨਹੀਂ ਸੀ, ਸਗੋਂ ਉਹ ਪਰਸਪਰ ਇਕ ਦੂਜੇ ਨਾਲ ਹਾਰਦਿਕ ਸਨੇਹ-ਭਾਵ ਰਖਦੇ ਸਨ।

**ਪ੍ਰਿਥੀ ਚੰਦ ਦਾ ਦੇਹਾਂਤ**

ਸਿੱਖ-ਇਤਿਹਾਸ ਵਿਚ ਲਿਖਿਆ ਹੈ ਕਿ ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੌਜੂਦਗੀ ਵਿਚ ਹੀ ਸੰਮਤ ੧੬੬੩ ਵਿਚ ਪਿੰਡ ਹੇਹਰ ਪਹੁੰਚ ਕੇ ਸੁਰਗਵਾਸ ਹੋ ਗਿਆ ਸੀ, ਪਰ ਸੋਢੀ ਹਰਿ ਜੀ ਲਿਖਦੇ ਹਨ ਕਿ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਭਗਤੀ ਕਮਾਉਂਦਾ, ਅਰਥਾਤ—ਗੁਰਿਆਈ ਕਰਦਾ ਹੋਇਆ ੧੨ ਵਰ੍ਹੇ, ੧੧ ਮਹੀਨੇ, ੮ ਦਿਨ ਜਿਉਂਦਾ ਰਿਹਾ ਤੇ ਫੇਰ ਸੰਮਤ ੧੬੭੫ ਬਿ: ਵਿਚ ਉਸ ਦਾ ਦੇਹਾਂਤ ਹੋਇਆ ਸੀ[2]। ਬੜੀ ਹੈਰਾਨੀ

---

[1]ਦਬਿਸਤਾਂਨਿ ਮਜ਼ਾਹਿਬ, ਛਾਪਾ ਨਵਲ ਕਿਸ਼ੋਰ ਪ੍ਰੈਸ, ਲਖਨਊ, ਸਫ਼ਾ ੨੩੪।

[2]ਸੋਢੀ ਹਰਿ ਜੀ; ਗੋਸ਼ਟਾਂ ਮਿਹਰਵਾਨ ਜੀ ਕੀਆਂ, ਗੋਸ਼ਟਿ ੨, ੩; ਪ੍ਰਸਿੱਧ ਵਿਦ੍ਵਾਨ ਭਾਈ ਵੀਰ ਸਿੰਘ ਜੀ ਵੀ ਪ੍ਰਿਥੀਏ ਦੀ ਮੌਤ ਸੰਮਤ ੧੬੬੩ ਵਿਚ ਹੋਈ ਠੀਕ ਨਹੀਂ ਮੰਨਦੇ ਤੇ ਉਹ ਇਹ ਘਟਨਾ ਹੋਰ ਖੋਜ ਦੀ ਮੁਥਾਜ ਦਸਦੇ ਹਨ। (ਦੇਖੋ, ਉਨ੍ਹਾਂ ਦੇ ਸੰਪਾਦਿਤ ਗੁਰ ਪ੍ਰਤਾਪ ਸੂਰਜ, ੧੯੫੪, ਸਫ਼ਾ ੨੩੩੫ ਦੀ ਪੈਰ-ਟਿੱਪਣੀ)



Digitized by Panjab Digital Library | www.panjabdigilib.org

ਦੀ ਗੱਲ ਹੈ ਕਿ ਇਹ ਏਨਾ ਇਕੱਠਾ ੧੨ ਵਰ੍ਹਿਆਂ ਤੋਂ ਉੱਪਰ ਦਾ ਫ਼ਰਕ ਪ੍ਰਿਥੀ ਚੰਦ ਦੇ ਜੀਵਨ ਬਾਰੇ ਕਿਵੇਂ ਪੈ ਗਿਆ ? ਸੋਢੀ ਮਿਹਰਵਾਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਗੁਰੂ ਪੂਰਾ' ਤੇ ਪ੍ਰਿਥੀ ਚੰਦ ਨੂੰ ਵਿਸ਼ੇਸ਼ਣ ਵਰਤ ਕੇ 'ਸਾਹਿਬ ਗੁਰੂ' ਲਿਖਦਾ ਹੈ, ਪਰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਉਹ ਗੁਰੂ ਨਹੀਂ ਮੰਨਦਾ, ਇਹ ਕਿਉਂ ? ਇਸ ਤੋਂ ਪ੍ਰਿਥੀ ਚੰਦ ਦੀ ਸੰਪ੍ਰਦਾਇ ਦੇ ਗੁਰੂ-ਘਰ ਨਾਲ ਅੱਡਰੇਪਣ ਤੇ ਗਹਿਰੇ ਵਿਰੋਧ ਦਾ ਸਾਫ਼ ਪਤਾ ਲਗਦਾ ਹੈ।

**ਸੋਢੀ ਹਰਿ ਜੀ ਦੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਗਲਤ ਬਿਆਨੀਆਂ**

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਿਚ ਪ੍ਰਿਥੀ ਚੰਦ ਦਾ ਭਾਵੇਂ ਬੜਾ ਗਹਿਰਾ ਹੱਥ ਸੀ, ਪਰ ਉਹ ਉਪਰਲੇ ਦਿਲੋਂ ਸੋਢੀ ਹਰਿ ਜੀ ਦੀ ਲਿਖਤ ਅਨੁਸਾਰ ਗੁਰੂ ਜੀ ਨਾਲ ਬੜਾ ਅੱਛਾ ਭਰਾਤ੍ਰੀ ਭਾਵ ਰਖਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਪੜਦਾ-ਪੋਸ਼ੀ ਕਰਦਿਆਂ ਸੋਢੀ ਹਰਿ ਜੀ ਨੇ ਲਿਖਿਆ ਹੈ ਕਿ, "ਤਬ ਗੁਰੂ ਅਰਜਨ ਕੇ ਦਿਨ ਭਗਤੀ ਕਰਤੇ ਕਰਤੇ ਬੀਤੇ, ਅਰੁ ਚਉਬੀਸ ਸਾਲ ਨਉ ਮਹੀਨੇ ਇਕ ਦਿਨ ਭਗਤਿ ਕਮਾਈ। ਤਬ ਅਪਨੀ ਪੋਥੀ ਸ਼ਬਦ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ ਕਉ ਦੀਆ ਅਰ ਅਪਨੇ ਅੰਗ ਸਾਥਿ ਲਗਾਇ ਕਰਿ ਖੁਸੀ ਕਰਿ ਵਿਦਾ ਕੀਆ।...ਤਬ ਗੁਰੂ ਅਰਜਨ ਜੀ ਸਚਿਖੰਡਿ ਕਉ ਸਿਧਾਰੇ ੧੬੬੩ ਜੇਠ ਸੁਦੀ ੪...ਪੀਛੇ ਗੁਰੂ ਸਾਹਿਬ (ਪ੍ਰਿਥੀਚੰਦ) ਜੀ, ਭਗਤਿ ਕਮਾਵਨੇ ਲਾਗਾ।" (ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ, ਗੋਸ਼ਟਿ ਦੂਜੀ) ਤੇ ਇਸ ਗੋਸ਼ਟਿ ਵਿਚ ਸੋਢੀ ਹਰਿ ਜੀ ਨੇ ਇਹ ਕਿਤੇ ਇਹ ਨਹੀਂ ਲਿਖਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿੱਥੇ ਤੇ ਕਿਉਂ ਆਪਣੀ ਪੋਥੀ ਤੇ ਸ਼ਬਦ ਦਿੱਤਾ ਤੇ ਫੇਰ ਆਪ ਨੇ ਲਾਹੌਰ ਜਾ ਕੇ ਕਿਵੇਂ ਤਸੀਹੇ ਝੱਲੇ ਤੇ ਆਖ਼ਰ ਆਪ ਕਿਵੇਂ ਸ਼ਹੀਦ ਕੀਤੇ ਗਏ।

## ੫. ਸੋਢੀ ਮਿਹਰਵਾਨ ਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਜਦ ਨੌਜਵਾਨ ਸ੍ਰੀ ਗੁਰੂ ਹਰਿ ਗੋਬਿੰਦ ਜੀ ਗੁਰੂ-ਗੱਦੀ ਉਤੇ ਬੈਠੇ ਤਾਂ ਕਵੀ ਸੋਹਨ ਦੇ ਕਥਨ ਅਨੁਸਾਰ,



Digitized by Panjab Digital Library | www.panjabdigilib.org

**ਸ਼੍ਰੀ ਗੁਰੂ ਹਰਿਗੋਬਿੰਦ ਦਾ ਰਾਜਸੀ ਠਾਠ ਤੇ ਵਿਰੋਧੀਆਂ ਨੂੰ ਚਿੰਤਾ**

ਉਨ੍ਹਾਂ ਨੇ ਸੇਲੀ, ਟੋਪੀ ਆਦਿ ਪੰਜ ਚੀਜ਼ਾਂ ਤੋਸ਼ੇ ਖ਼ਾਨੇ ਰਖਵਾਈਆਂ ਤੇ ਜ਼ਿਗਾ, ਕਲਗੀ, ਸ਼ਸਤ੍ਰ-ਅਸਤ੍ਰ ਆਦਿ ਧਾਰਣ ਕਰ ਲਏ, ਲੱਕ ਵਿਚ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਬੰਨ੍ਹੀਆਂ, ਸਿੱਖਾਂ ਨੂੰ ਸ਼ਸਤ੍ਰ-ਅਸਤ੍ਰ ਚਲਾਉਣ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ ਤੇ ਉਨ੍ਹਾਂ ਵਿਚ ਵੀਰਤਾ ਦਾ ਜੋਸ਼ ਭਰਨ ਲਈ ਜੋਧਿਆਂ ਦੇ ਜੰਗਨਾਮੇ ਤੇ ਵਾਰਾਂ ਗਾਉਣ ਵਾਸਤੇ ਦੋ ਢਾਡੀ — ਮੀਰ ਅਬਦੁੱਲਾ ਤੇ ਨੱਥਾ ਅਥਵਾ ਨੱਥ ਮਲ ਆਪਣੇ ਦਰਬਾਰ ਵਿਚ ਨੌਕਰ ਰੱਖੇ[1]। ਸੰ: ੧੬੬੫ ਬਿ: ਵਿਚ ਸ਼੍ਰੀ ਹਰਿ ਮੰਦਿਰ ਸਾਹਿਬ ਦੇ ਸਾਮ੍ਹਣੇ ਤੇ ਅਮ੍ਰਿਤ ਸਰੋਵਰ ਦੇ ਕੰਢੇ ਤਖ਼ਤ ਅਕਾਲ ਬੁੰਗੇ ਦੀ ਰਚਨਾ ਰਚੀ। ਸੰਮਤ ੧੬੬੯ ਬਿ: ਵਿਚ ਲਾਹੌਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਦੇਹੁਰਾ ਬਣਾਇਆ। ਫੇਰ ਸੰਮਤ ੧੬੭੦ ਬਿ: ਵਿਚ ਮਾਲਵੇ ਦੇ ਦੌਰੇ ਤੇ ਡਰੌਲੀ ਆਦਿ ਥਾਵੀਂ ਗਏ। ਇਸ ਤਰ੍ਹਾਂ ਗੁਰੂ ਜੀ ਦੇ ਸ਼ਾਹੀ ਠਾਠ-ਬਾਠ ਦੀਆਂ ਖ਼ਬਰਾਂ ਜਦ ਲਾਹੌਰ ਤੇ ਦਿੱਲੀ ਪਹੁੰਚੀਆਂ ਤਾਂ ਚੰਦੂ ਆਦਿ ਵਿਰੋਧੀਆਂ ਨੂੰ ਫ਼ਿਕਰ ਹੋਣਾ ਇਕ ਕੁਦਰਤੀ ਗੱਲ ਸੀ ਤੇ ਸੋਢੀ ਮਿਹਰਵਾਨ ਤੇ ਪ੍ਰਿਥੀ ਚੰਦ ਵੀ, ਜੋ ਆਪਣਾ ਵੱਖਰਾ ਦਰਬਾਰ ਬਣਾ ਕੇ ਹੇਹਰੀਂ ਰਹਿੰਦੇ ਸਨ, ਇਸ ਚਿੰਤਾ ਤੋਂ ਆਜ਼ਾਦ ਨਹੀਂ ਸਨ।

ਗੁਰੂ ਹਰਿ ਗੋਬਿੰਦ ਜੀ ਨੇ ਇਸ ਸਮੇਂ ਸਭ ਤੋਂ ਪਹਿਲਾਂ ਕੁਝ ਰਸਤੇ ਦੀਆਂ ਔਕੜਾਂ ਨੂੰ ਦੂਰ ਕਰਨ ਵਾਸਤੇ ਸ਼ਾਹ ਜਹਾਂਗੀਰ ਨੂੰ ਦਿੱਲੀ ਜਾ ਕੇ ਮਿਲਣਾ ਜ਼ਰੂਰੀ ਸਮਝਿਆ। ਭਾਈ ਗੁਰ ਦਾਸ ਨੇ ਉਨ੍ਹਾਂ ਨੂੰ ਰੋਕਣ ਦਾ ਜਤਨ ਕੀਤਾ, ਪਰ ਫੇਰ ਵੀ ਆਪ ਹਰਿਦ੍ਵਾਰ ਆਦਿ ਥਾਈਂ ਹੁੰਦੇ ਦਿੱਲੀ ਪਹੁੰਚ ਗਏ। ਪਤਾ ਲੱਗਣ ਤੇ ਪ੍ਰਿਥੀ ਚੰਦ ਨੇ ਪਹਿਲਾਂ ਹੀ ਸ਼ਾਹੀ ਖਤ੍ਰੀਆਂ ਨਾਲ ਮਿਲ-ਮਿਲਾ ਕੇ ਤੇ ਗੁਰੂ ਜੀ ਦੀ ਬਗ਼ਾਵਤ ਦੀਆਂ ਝੂਠੀਆਂ ਇਤਲਾਹਾਂ ਦੇ ਕੇ ਜਾਲ ਤਣ ਲਿਆ ਸੀ, ਜਿਸ ਕਰ ਕੇ ਗੁਰੂ ਜੀ ਬਾਦਸ਼ਾਹ ਨੂੰ ਮਿਲ ਨਾ ਸਕੇ, ਸਗੋਂ ਪਿਛਲੇ ਤਾਵਾਨ ਦੀ ਵਸੂਲੀ ਦਾ ਬਹਾਨਾ

---

[1]ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮।



Digitized by Panjab Digital Library | www.panjabdigilib.org

ਕਰ ਕੇ, ਗੁਆਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਕੇ ਭੇਜੇ ਗਏ। ਦਬਿਸਤਾਨਿ ਮਜ਼ਾਹਿਬ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਗੁਰੂ ਸਾਹਿਬ ਸਿੱਧੇ ਦਿੱਲੀ ਨਹੀਂ ਗਏ ਸਨ, ਸਗੋਂ ਸ਼ਾਹੀ ਹੁਕਮ ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਪਰ ਲਾਏ ਗਏ ਤਾਵਾਨ ਦੇ ਬਕਾਏ ਦੀ ਵਸੂਲੀ ਨਾ ਹੋਣ ਕਰ ਕੇ ਇੱਥੋਂ ਹੀ ਗ੍ਰਿਫ਼ਤਾਰ ਕਰ ਕੇ ਗੁਆਲੀਅਰ ਭੇਜੇ ਗਏ ਸਨ ਜਿੱਥੇ ਕਿ ਉਹ ੧੨ ਸਾਲ ਰਹੇ ਸਨ। ਆਖ਼ਰ ਬਾਦਸ਼ਾਹ ਦੇ ਖ਼ੁਸ਼ ਹੋਣ ਤੇ ਉਨ੍ਹਾਂ ਦੀ ਰਿਹਾਈ ਅਮਲ ਵਿਚ ਆਈ ਸੀ, ਪਰ ਇਸ ਕਥਨ ਵਿਚੋਂ ਨਾ ਸਿਰਫ਼ ਉਹੋ ਤਾਵਾਨ ਦਾ ਬਕਾਇਆ, ਸਗੋਂ ਕੁਝ ਸਿਆਸੀ ਗੁੱਸੇ ਦੀ ਝਲਕ ਵੀ ਪੈਂਦੀ ਹੈ।

ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ ਇਸ ਸਮੇਂ ਅਚਾਣਕ ਸ਼ਾਹ ਜਹਾਂਗੀਰ ਦਾ ਪੇਸ਼ਾਬ ਬੰਦ ਹੋ ਗਿਆ ਜੋ ਇਕ ਸਿੱਖ ਦੇ ਦਵਾਈ ਦੇਣ ਤੇ ਖੁਲ੍ਹਿਆ ਤੇ ਗੁਰੂ ਸਾਹਿਬ ਬੰਦੀ ਖ਼ਾਨਿਓਂ ਛੱਡੇ ਗਏ। ਬਾਦਸ਼ਾਹ ਨੇ ਗੁਰੂ ਜੀ ਤੋਂ

**ਸ਼ਾਹੀ ਖਤ੍ਰੀਆਂ ਨੂੰ ਸਜ਼ਾ**

ਮਾਫ਼ੀ ਮੰਗੀ ਤੇ ਸ਼ਾਹੀ ਖ਼ਾਨਦਾਨ ਦੇ ਉਹ ਲੋਕ, ਤੇ ਦੀਵਾਨ ਚੰਦੂ ਆਦਿ, ਜਿਨ੍ਹਾਂ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਉਤੇ ਦੂਸ਼ਨ ਲਾਏ ਸਨ, ਲਾਹੌਰ ਪਰਵਾਨਾ ਭੇਜ ਕੇ ਗੁਰੂ ਜੀ ਦੇ ਹਵਾਲੇ ਕੀਤੇ ਗਏ। ਗੁਰੂ ਜੀ ਦੇ ਹੁਕਮ ਨਾਲ ਚੰਦੂ ਸ਼ਾਹੀ ਉਸੇ ਤਰ੍ਹਾਂ ਸਿਆਸਤ ਦੇ ਕੇ ਸਿੱਖਾਂ ਦੇ ਹੱਥੋਂ ਮਾਰਿਆ ਗਿਆ, ਜਿਸ ਤਰ੍ਹਾਂ ਉਸ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਮਸ਼ਵਰਾ ਦਿੱਤਾ ਸੀ[2]। ਛਿੱਬਰ ਜੀ ਦਾ ਕਥਨ ਹੈ ਕਿ ਇਸ ਸਮੇਂ—

---

[1]ਮੁਹਸਨ ਫ਼ਾਨੀ; ਦਬਿਸਤਾਨਿ ਮਜ਼ਾਹਿਬ, ਛਾਪਾ ਨਵਲ ਕਿਸ਼ੋਰ ਪ੍ਰੈਸ, ਲਖਨਊ, ਸਫ਼ਾ ੨੩੪।

[2]ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ, ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ ਜਦ ਬਹੁਤ ਵੱਡਾ ਤੇ ਅਤਿ ਪਾਪ ਹੋਇਆ ਹੋਵੇ। (ਦੇਖੋ, ਸੰਪਾਦਿਤ ਗੁਰ ਪ੍ਰਤਾਪ ਸੂਰਜ, ੧੯੫੪, ਸਫ਼ਾ ੨੩੮੨)



Digitized by Panjab Digital Library | www.panjabdigilib.org

ਇਹ ਦੇਖ ਕੇ ਪ੍ਰਿਥੀਏ ਦਾ ਪੁਤ੍ਰ ਮਿਹਰਵਾਨ ਭੀ ਆਇਆ।
ਪਰ ਗੁਰੂ ਜੀ ਨੇ ਉਸ ਨੂੰ ਮੂੰਹ ਨਾ ਲਾਇਆ।

ਗੁਰ ਬਿਲਾਸ ਪਾਤਸ਼ਾਹੀ ੬ ਦੇ ਕਥਨ ਅਨੁਸਾਰ ਸੋਢੀ ਮਿਹਰਵਾਨ ਇਸ ਸਮੇਂ ਬਾਦਸ਼ਾਹ ਪਾਸ ਦਾਦ-ਫ਼ਰਿਆਦ ਲੈ ਕੇ ਗਿਆ ਸੀ, ਪਰ ਉਸ ਦੀ ਗੱਲ ਸੁਣੀ ਨਾ ਗਈ।

### ਮਿਹਰਵਾਨ ਦਾ ਮਿਲਾਪ

ਗੁਰੂ ਸਾਹਿਬ ਨੇ ਇਸ ਸਮੇਂ ਵੱਡਾ ਭਰਾ ਸਮਝ ਕੇ ਉਸ ਨੂੰ ਮਨਾਉਣਾ ਚਾਹਿਆ, ਪਰ ਉਹ ਅੱਗੋਂ ਨਰਮ ਹੋਣ ਦੀ ਥਾਵੇਂ ਬੜੇ ਗਰਮ ਤੇ ਬੁਰੇ ਤਰੀਕੇ ਨਾਲ ਪੇਸ਼ ਆਇਆ, ਜਿਸ ਕਰਕੇ ਗੁਰੂ ਜੀ ਉਸ ਦੇ ਮਨਾਉਣ ਦਾ ਖ਼ਿਆਲ ਛੱਡ ਕੇ ਵਾਪਿਸ ਅਮ੍ਰਿਤਸਰ ਮੁੜ ਆਏ[1]।

---

[1]ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮। ਭਾਈ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਵਿਚ ਇਸ ਸਮੇਂ ਸੋਢੀ ਮਿਹਰਵਾਨ ਦੇ ਵਤੀਰੇ ਬਾਰੇ ਇਉਂ ਲਿਖਿਆ ਹੈ :—

ਸ੍ਰੀ ਗੁਰੁ ਹਰਿ ਗੋਬਿੰਦ ਸੁਨਿ ਪਾਯੋ।
ਮਿਹਰਵਾਨ ਲਵਪੁਰ ਮਹਿਂ ਆਯੋ।
ਕੇਤਕ ਦਿਨ ਬੀਤੇ ਇਸ ਥਾਨੇ।
ਪਿਤਾ ਸਮਾਨ ਵੈਰ ਕੋ ਠਾਨੇ ॥ ੨ ॥
(ਗੁ: ਪ੍ਰ: ਸੂ:, ਰਾਸ਼ਿ ੫, ਅੰਸ਼ੂ ੧੩)

ਸੁਨਿ ਕਰਿ ਮਿਹਰਵਾਨ ਬਚ ਮੇਲਾ।
"ਹਮਰੋ ਤੁਮਰੋ ਕਿਉਂ ਹੂ ਨ ਮੇਲਾ ॥੧੦॥
ਅਬ ਮੈਂ ਲਾਗਜੋ ਰਚਨਿ ਉਪਾਇ।
ਤੁਮਹੂੰ ਸੁਧਾਸਰ ਤੇ ਨਿਕਸਾਇ ॥ ੧੪ ॥
ਅਬ ਮੈਂ ਕਰੋਂ ਸੰਘਾਰਨ ਤੋਹਿ।
ਨੀਕੋ ਮੇਲਿ ਉਸੀ ਦਿਨ ਹੋਹਿ" ॥੧੯॥
(ਗੁ: ਪ੍ਰ: ਸੂ:, ਰਾਸ਼ਿ ੫, ਅੰਸ਼ੂ ੧੪)



Digitized by Panjab Digital Library | www.panjabdigilib.org

ਸ੍ਰੀ ਗੁਰੂ ਹਰਿ ਗੋਬਿੰਦ ਜੀ ਇਸ ਤਰ੍ਹਾਂ ਸ਼ਾਹੀ ਖਤ੍ਰੀ ਚੰਦੂ ਆਦਿ ਨੂੰ ਸਜ਼ਾ ਭੁਗਤਾ ਕੇ ਪਹਿਲਾਂ ਅਮ੍ਰਿਤਸਰ, ਫੇਰ ਰੁਹੇਲੇ ਪਿੰਡ (ਸ੍ਰੀ ਹਰਿ ਗੋਬਿੰਦ ਪੁਰ) ਤੇ ਪਿੱਛੋਂ ਕਰਤਾਰ ਪੁਰ (ਜਲੰਧਰ ਦੇ ਨੇੜੇ) ਚਲੇ ਗਏ।

**ਸੋਢੀ ਮਿਹਰਵਾਨ ਦੀ ਨਵੀਂ ਗੰਢ-ਤ੍ਰੱਪ**

ਇਹ ਨਗਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੫੧ ਬਿ: ਵਿਚ ਬੜੀ ਦੂਰੰਦੇਸ਼ੀ ਨਾਲ ਆਬਾਦ ਕੀਤਾ ਸੀ। ਰਹਿੰਦੇ ਖੂੰਹਦੇ ਸ਼ਾਹੀ ਖਤ੍ਰੀ, ਜਿਹੜੇ ਚੰਦੂ ਨੂੰ ਸਜ਼ਾ ਦੇਣ ਸਮੇਂ ਕਿਸੇ ਤਰ੍ਹਾਂ ਬਚ ਗਏ ਜਾਂ ਪਰੇ ਰਹੇ ਕੁਝ ਸਮਾਂ ਪਾ ਕੇ ਫੇਰ ਗੁਰੂ ਜੀ ਤੋਂ ਵਿਰੁੱਧ ਉਠ ਖਲੋਤੇ ਤੇ ਲਾਹੌਰ ਵਿਚ ਸਰਕਾਰੀ ਤੌਰ ਤੇ ਕੁਝ ਚੱਕ-ਉਥੱਲ ਕਰਨ ਲੱਗੇ, ਜਿਸ ਦਾ ਨਤੀਜਾ ਇਹ ਹੋਇਆ ਕਿ ਸੰਮਤ ੧੬੮੪ ਬਿ: ਵਿਚ ਬਾਦਸ਼ਾਹ ਜਹਾਂਗੀਰ ਦਾ ਦੇਹਾਂਤ ਹੋਣ ਪਿੱਛੋਂ ਸ਼ਾਹਜਹਾਂ ਦੇ ਗੱਦੀ-ਨਸ਼ੀਨ ਹੋਣ ਤੇ ਮੁਗਲ ਫ਼ੌਜਦਾਰਾਂ ਨਾਲ ਗੁਰੂ ਜੀ ਨੂੰ ਕਈ ਜੰਗ ਕਰਨੇ ਪਏ। ਇਸ ਚੱਕ-ਉਥੱਲ ਵਿਚ ਵੀ ਸੋਢੀ ਮਿਹਰਵਾਨ ਦਾ, ਇਸ ਧੜੇ ਦਾ ਮੋਢੀ ਹੋਣ ਕਰ ਕੇ, ਪੂਰਾ ਪੂਰਾ ਹੱਥ ਸੀ।

**ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਜੁੱਧ**

ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਆਪਣੀ ਹਿਫ਼ਾਜ਼ਿਤ ਵਾਸਤੇ ਬਾਦਸ਼ਾਹ ਜਹਾਂਗੀਰ ਦੀ ਫ਼ੌਜ ਨਾਲ ਸੰਮਤ ੧੬੮੫ ਤੋਂ ੧੬੯੧ ਬਿ: ਤਕ ਚਾਰ ਲੜਾਈਆਂ ਲੜੀਆਂ : (੧) ਪਹਿਲੀ ਲੜਾਈ ਸੰਮਤ ੧੬੮੫ ਵਿਚ ਅਮ੍ਰਿਤਸਰ ਮੁਖ਼ਲਿਸ ਖ਼ਾਨ ਫ਼ੌਜਦਾਰ ਨਾਲ, (੨) ਦੂਜੀ ਲੜਾਈ ਸੰਮਤ ੧੬੮੭ ਵਿਚ ਜਾਲੰਧਰ ਦੇ ਹਾਕਿਮ ਅਬਦੁੱਲਾ ਖ਼ਾਨ ਨਾਲ ਹਰਿ ਗੋਬਿੰਦ ਪੁਰ, (੩) ਤੀਜੀ ਲੜਾਈ ਸੰਮਤ ੧੬੮੮ ਵਿਚ ਪਿੰਡ ਮਿਹਰਾਜ (ਮਾਲਵੇ) ਦੇ ਸਥਾਨ ਪਰ ਲਲਾ ਬੇਗ ਨਾਲ ਤੇ (੪) ਚੌਥੀ ਲੜਾਈ ਸੰਮਤ ੧੬੯੧ ਵਿਚ ਪੈਂਦੇ ਖ਼ਾਨ, ਕਾਲੇ ਖ਼ਾਨ ਆਦਿ ਨਾਲ ਕਰਤਾਰ ਪੁਰ ਤੋਂ ਬਾਹਰ।

ਇਨ੍ਹਾਂ ਲੜਾਈਆਂ ਦਾ ਹੀ ਨਤੀਜਾ ਸੀ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਪਹਿਲਾਂ ਅਮ੍ਰਿਤਸਰ ਦਾ ਵਸੇਬਾ ਛੱਡਿਆ ਤੇ ਫੇਰ ਕਰਤਾਰ ਪੁਰ ਛੱਡ ਕੇ ਸਿਰਮੌਰ ਦੇ ਇਲਾਕੇ ਵਿਚ ਕੀਰਤ ਪੁਰ ਜਾ ਬਿਰਾਜੇ। ਸੰਮਤ ੧੬੭੫ ਵਿਚ



Digitized by Panjab Digital Library | www.panjabdigilib.org

ਸੋਢੀ ਹਰਿ ਜੀ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਦਾ ਦੇਹਾਂਤ ਹੋਇਆ ਤੇ ਮਿਹਰਵਾਨ ਦੇ ਗੱਦੀ ਬੈਠਣ ਤੇ ਇਸ ਤੋਂ ੧੦ ਵਰ੍ਹੇ ਪਿੱਛੋਂ

**ਸ੍ਰੀ ਅਮ੍ਰਿਤਸਰ ਪਰ ਮਿਹਰਵਾਨ ਤੇ ਹਰਿ ਜੀ ਦਾ ਕਬਜ਼ਾ**

ਸੰਮਤ ੧੬੮੫ ਵਿਚ ਅਮ੍ਰਿਤਸਰ ਦੀ ਲੜਾਈ ਦੇ ਅੰਤ ਵਿਚ ਇਸ ਗੁਰੂ ਕੀ ਨਗਰੀ ਉਤੇ ਪ੍ਰਿਥੀ ਚੰਦ ਦੀ ਸੰਤਾਨ ਦਾ ਮੁਕੰਮਲ ਕਬਜ਼ਾ ਹੋ ਗਿਆ । ਇਸ ਤੋਂ ਪਿੱਛੋਂ ਸੰਮਤ ੧੬੯੫ ਬਿ: ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਜੋਤੀ ਜੋਤਿ ਸਮਾਏ ਤੇ ਫੇਰ ਸੰਮਤ ੧੬੯੬ ਵਿਚ ਸੋਢੀ ਮਿਹਰਵਾਨ ਦਾ ਸੁਰਗਵਾਸ ਹੋਣ ਤੇ ਉਨ੍ਹਾਂ ਦੇ ਪੁਤ੍ਰ ਸੋਢੀ ਹਰਿ ਜੀ ਗੱਦੀ-ਨਸ਼ੀਨ ਹੋਏ,ਜੋ ਸੰਮਤ ੧੭੫੩ ਬਿ: ਤਕ ਪੂਰੇ ੫੭ ਵਰ੍ਹੇ ਅਮ੍ਰਿਤਸਰ ਉਤੇ ਕਾਬਜ਼ ਰਹੇ । ਇਨ੍ਹਾਂ ਦਾ ਧੜਾ ਏਥੇ ਕਿਤਨਾ ਮਜ਼ਬੂਤ ਸੀ, ਇਹ ਇਸ ਗੱਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਕ ਵੇਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ, ਜਦ ਅਮ੍ਰਿਤਸਰ ਦੇ ਦਰਸ਼ਨਾਂ ਵਾਸਤੇ ਆਏ ਤਾਂ ਇਨ੍ਹਾਂ ਨੇ ਅੱਗੋਂ ਦਰਵਾਜ਼ੇ ਬੰਦ ਕਰ ਕੇ ਗੁਰੂ ਜੀ ਨੂੰ ਅੰਦਰ ਨਹੀਂ ਸੀ ਵੜਨ ਦਿੱਤਾ ।

**ਸ੍ਰੀ ਅੰਮ੍ਰਿਤਸਰ ਮੁੜ ਪੰਥਕ ਪ੍ਰਬੰਧ ਵਿਚ**

ਛੇਕੜ ਸੰਮਤ ੧੭੫੩ ਵਿਚ ਸੋਢੀ ਹਰਿ ਜੀ ਦਾ ਦੇਹਾਂਤ ਹੋਣ ਤੇ ਜਦ ਆਪਸ ਵਿਚਲੀ ਦੁਫੇੜ ਦੇ ਕਾਰਣ ਕੋਈ ਵੀ ਸੋਢੀ ਇੱਥੇ ਟਿਕ ਨਾ ਸਕਿਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਸੰਮਤ ੧੭੫੬ ਵਿਚ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਅਮ੍ਰਿਤਸਰ ਪਹੁੰਚ ਕੇ ਕਬਜ਼ਾ ਕਰ ਲਿਆ[1]; ਜਿਸ ਕਰ ਕੇ ਇਹ ਸਥਾਨ ਉਸੇ ਸਮੇਂ ਤੋਂ ਹੁਣ ਤਕ ਗੁਰੂ-ਪੰਥ ਦੇ ਹੱਥਾਂ ਵਿਚ ਹੈ ।

## ੬. ਸੋਢੀ ਮਿਹਰਵਾਨ : ਜੀਵਨ ਤੇ ਸੰਪ੍ਰਦਾਇ

ਸੋਢੀ ਮਿਹਰਵਾਨ ਦਾ ਜਨਮ ਪ੍ਰਿਥੀ ਚੰਦ ਦੇ ਘਰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਸੰਮਤ ੧੬੨੬

---

[1]ਗਿਆਨੀ ਗਰਜਾ ਸਿੰਘ ਦੁਆਰਾ ਸੰਪਾਦਿਤ ਸ਼ਹੀਦ ਬਿਲਾਸ ਭਾਈ ਮਨੀ ਸਿੰਘ (ਕ੍ਰਿਤ ਸੇਵਾ ਸਿੰਘ, ਛਿੱਬਰ), ੧੯੬੧, ਸਫ਼ਾ ੬੯ ।



Digitized by Panjab Digital Library | www.panjabdigilib.org

ਬਿ: ਵਿਚ ਤੇ ਸੋਢੀ ਹਰਿ ਜੀ ਦੇ ਕਥਨ ਅਨੁਸਾਰ ਮਾਘ ਸੁਦੀ ਬਸੰਤ ਪੰਚਮੀ ਸੰਮਤ ੧੬੩੮ ਬਿ: ਨੂੰ ਮਾਤਾ ਕਰਮੋਂ ਉਰਫ਼ ਸਾਹਿਬਾਣੀ ਭਗਵਾਨ ਦੇ ਪੇਟੋਂ ਹੋਇਆ ਤੇ ਸ੍ਰੀ ਗੁਰੂ ਰਾਮ ਦਾਸ ਜੀ ਨੇ ਸੋਹਣੀ ਸ਼ਕਲ-ਸੂਰਤ ਦੇਖ ਕੇ ਇਸ ਦਾ ਨਾਮ ਮਨੋਹਰ ਦਾਸ ਰੱਖਿਆ, ਜੋ ਪਿੱਛੋਂ ਮਿਹਰਵਾਨ ਨਾਂ ਨਾਲ ਪ੍ਰਸਿੱਧ ਹੋ ਗਿਆ। ਬੰਸਾਵਲੀ ਨਾਮਾ ਦਸ ਪਾਤਸ਼ਾਹੀਆਂ ਦੇ ਕਥਨ ਅਨੁਸਾਰ ਮਿਹਰਵਾਨ ਦਾ

### ਜਨਮ ਤੇ ਵਿਆਹ

ਵਿਆਹ ਸੰਮਤ ੧੬੩੭ ਵਿਚ ੧੧ ਵਰ੍ਹਿਆਂ ਦੀ ਉਮਰ ਵਿਚ, ਤੇ ਸੋਢੀ ਹਰਿ ਜੀ ਦੇ ਕਥਨ ਅਨੁਸਾਰ ੧੪ ਵਰ੍ਹਿਆਂ ਦੀ ਉਮਰ (ਅਰਥਾਤ--ਸੰਮਤ ੧੬੦੨ ਬਿ:) ਵਿਚ ਸੁਭਿੱਖੀਆਂ ਖਤ੍ਰੀਆਂ ਦੇ ਘਰ ਹੋਇਆ। ਕੁਝ ਸਮਾਂ ਪਾ ਕੇ ਮਿਹਰਵਾਨ ਜੀ ਦੇ ਘਰ ਇਕ ਪੁਤ੍ਰ ਪੈਦਾ ਹੋਇਆ, ਜਿਸ ਦਾ ਨਾਮ 'ਹਰਿ ਜੀ' ਰਖਿਆ। ਇਹੋ ਪੁਤ੍ਰ ਅੱਗੇ ਜਾ ਕੇ ਉਸ ਦੀ ਗੱਦੀ ਦਾ ਵਾਰਿਸ ਬਣਿਆ[1]।

ਸੋਢੀ ਹਰਿ ਜੀ ਲਿਖਦੇ ਹਨ ਕਿ "ਮਿਹਰਵਾਨ ਮਹਾਰਿਖੀ ਸੁਖ ਦੇਵ ਦਾ ਅਵਤਾਰ ਸੀ ਤੇ ਈਸ਼੍ਵਰ ਨੇ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਦੀ ਸਿਫ਼ਾਰਿਸ਼ ਸੁਣ ਕੇ ਅਕਾਲੀ ਬਾਣੀ ਦੇ ਅਰਥ ਕਰਨ ਵਾਸਤੇ ਸੰਸਾਰ ਵਿਚ ਭੇਜਿਆ ਸੀ। ਠੀਕ ਉਸੇ ਤਰ੍ਹਾਂ, "ਜੈਸੇ ਵੇਦਾਂ ਕੇ ਅਰਥਿ ਕਰਣੇ ਕੀ ਨਿਮਤਿ ਅਨੁਸਾਰ ਪਰਾਸੁਰ ਰਖੀਸਰ ਕੇ ਠਾਕੁਰ ਜੀ ਬਿਆਸ ਕਉ ਭੇਜਿਆ ਥਾ ਤੈਸੇ ਹੀ ਭਗਤਾਂ ਕੀ ਬਾਣੀ ਕੇ ਅਰਥ ਕਰਣੇ ਕੀ ਨਿਮਤਿ ਸ੍ਰੀ ਠਾਕੁਰ ਜੀ ਸ੍ਰੀ ਸੁਖ ਦੇਉ ਭਗਤਿ ਕਉ ਭੇਜਿਆ।" (ਗੋਸ਼ਟਿ ਪਹਿਲੀ) ਇਸ ਦੇ ਨਾਲ ਹੀ ਲਿਖਿਆ ਹੈ ਕਿ ਜਦ ਸੋਢੀ ਮਿਹਰਵਾਨ ਨੇ ਜਨਮ ਲਿਆ ਤਾਂ "ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ, ਕਿਆ ਜਾਨ ਕੇ ਜੋ ਹਮਾਰੇ ਪੰਥ ਕੀ ਪੁਸ਼ਟੀ ਭਈ, ਅਰੁ ਪੀਰ ਪੈਕੰਬਰਹੁ ਸਭਨਾ ਖਨਵਾਦਿਆ ਗੁਰੂ ਮਿਹਰਵਾਨ ਕਉ ਨਮਸਕਾਰ ਕੀਆ, ਦੁਆਇ ਦੀਨੀ — ਕਿਤ ਵਾਸਤੇ ਜੋ ਹਿੰਦੂ ਜੇ ਹੈ ਸੋ ਤੁਰਕਾਂ

### ਦੇਵਤਾਵਾਦੀ ਤੇ ਇਸਲਾਮੀ ਖ਼ਿਆਲਾਂ ਵਲ ਝੁਕਾਉ

---

[1] ਮੁਨਸ਼ੀ ਸੋਹਨ ਲਾਲ, ਉਮਦਾਤੁੱ ਤ੍ਵਾਰੀਖ਼, ਦਫ਼ਤਰ ਅੱਵਲ, ਸਫ਼ਾ ੭੫।



Digitized by Panjab Digital Library | www.panjabdigilib.org

ਕੀ ਬਾਤ ਕਉ ਨਿੰਦ ਕਰਤੇ ਹੈ, ਅਰੁ ਏਹੁ ਭਗਤਿ ਜੋ ਹੈ ਸੋ ਪਰਮੇਸੁਰ ਭੇਜਿਆ ਹੈ, ਸੋ ਸਮਦਰਸੀ ਹੈ, ਸਭਨਾ ਕਾ ਭਲਾ ਮਨਾਵਣਿਹਾਰਾ ਹੈ।" (ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ, ਗੋਸ਼ਟਿ ਪਹਿਲੀ, ਪਤ੍ਰੇ ੫੮—੫੯) ਇਹ ਸ਼ਬਦ ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਪਤ੍ਰੇ ਦੀ ਵਿਗਾੜ ਕੇ ਕੀਤੀ ਹੋਈ ਨਕਲ ਜਾਪਦੇ ਹਨ ਜਿਨ੍ਹਾਂ ਵਿਚ ਦੇਵਤਿਆਂ ਤੇ ਪੀਰਾਂ ਪੈਕੰਬਰਾਂ ਦੀ ਆਮਦ ਦੱਸ ਕੇ ਹਰਿ ਜੀ ਨੇ ਗੁਰਮਤ ਦੇ ਮੁਕਾਬਲੇ ਤੇ ਹਿੰਦੂ ਮਤ ਤੇ ਇਸਲਾਮ ਵਲ ਆਪਣਾ ਮਾਨਸਿਕ ਝੁਕਾਉ ਪ੍ਰਗਟ ਕੀਤਾ ਹੈ।

ਸੋਢੀ ਮਿਹਰਵਾਨ ਜੀ ਬਚਪਨ ਤੋਂ ਹੀ ਬੜੇ ਹੁੰਦੜਹੇਲ, ਅਕਲ ਮੰਦ, ਭਗਤਿ-ਭਾਵ ਵਿਚ ਸੰਪੰਨ, ਸੁਭਾਉ ਦੇ ਗੰਭੀਰ ਤੇ ਦਿਵਯ ਮੂਰਤੀ ਸਨ। ਸ਼ੁਰੂ ਤੋਂ ਹੀ ਇਨ੍ਹਾਂ ਦੇ ਮਾਨਸਿਕ ਝੁਕਾਉ ਇਹ ਸਨ—(੧) ਗੁਰਬਾਣੀ ਦਾ ਵਿਚਾਰ ਸਹਿਤ ਪਠਨ-ਪਾਠਨ, (੨) ਨਾਮ-ਸਿਮਰਨ, (੩) ਵਿਦਿਆ ਦਾ ਅਧਿਐਨ, (੪) ਗੁਰਬਾਣੀ ਦਾ ਕੀਰਤਨ, (੫) ਸੰਗੀਤ ਦਾ ਅਭਿਆਸ, (੬) ਵਿਦ੍ਵਾਨਾਂ ਤੇ ਸਾਧੂ-ਸੰਤਾਂ ਦਾ ਸਤਿਸੰਗ, ਅਤੇ (੭) ਉਦਾਰ-ਬ੍ਰਿੱਤੀ[1]। ਸੋਢੀ ਹਰਿ ਜੀ ਇਨ੍ਹਾਂ ਦੇ ਵਿਦਯਾ ਅਥਵਾ ਪੁਸਤਕ-ਪ੍ਰੇਮ ਬਾਰੇ ਇਸ ਥਾਵੇਂ ਇਸ ਤਰ੍ਹਾਂ ਲਿਖਦੇ ਹਨ:

**ਸੁਭਾਵਿਕ ਗੁਣ ਤੇ ਰੁਚੀਆਂ**

> "ਏਹੁ ਬਾਤ ਕਿਸੇ ਨੋ ਬਾਹਰਿ ਪ੍ਰਗਟਿ ਸੁਣਾਈਐ ਨਾਹੀ, ਪਰ ਬਾਸਨਾ ਛਪਾਈ ਛਪੇ ਨਾਹੀ। ਪੋਥੀ ਲਿਖਾਈ, ਪੋਥੀ ਉਤੇ ਜਪੁ ਤੇ ਆਦਿ ਲੈ ਕਰਿ ਹੋਰੁ ਬਾਣੀ ਖਣੁ ਲਿਖਾਇਆ, ਫੇਰਿ ਅਗੇ ਖਣ ਦੇ ਇਕੁ ਇਕੁ ਦੁਇ ਛਕੇ ਸਭਨਾ ਗੁਰਾ ਮਹਲਿਆ ਕੇ ਸਬਦ ਲਿਖਾਏ। ਪੋਥੀ ਨਾਲ ਦਿਨ ਰਾਤਿ ਪ੍ਰੀਤਿ ਪਿਆਰੁ ਅਰੁ ਉਦਾਸੀ ਕੇ ਘਰਿ ਰਹੀਐ[2]।"

---

[1]ਬੰਸਾਵਲੀ ਨਾਮਾ, ਚਰਣ ਪੰਜਵਾਂ; ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ।

[2]ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ, ਗੋਸ਼ਟਿ ਪਹਿਲੀ।



Digitized by Panjab Digital Library | www.panjabdigilib.org

ਇਹ ਸਨ ਮਿਹਰਵਾਨ ਜੀ ਦੇ ਸੁਭਾਵਿਕ ਗੁਣ। ਇਸੇ ਕਾਰਣ ਵਿਦਿਅਕ ਰੁਚੀਆਂ ਨੂੰ ਮੁੱਖ ਰੱਖ ਕੇ ਮਿਹਰਵਾਨ ਨੂੰ ਪ੍ਰਿਥੀ ਚੰਦ ਨੇ ਇਕ ਵੇਰ ਕਿਹਾ ਸੀ ਕਿ,

**ਪੋਥੀ-ਪੁਸਤਕਾਂ ਲਿਖਣ ਦਾ ਰਿਵਾਜ**

"ਟਹਲ ਕਾ ਤਥਾ ਸਬਦ-ਪੋਥੀ ਕਾ ਖਸਮ ਤੂ ਹੈਂ, ਪੋਥੀ ਪੜਣੀ ਟਹਲ ਕਰਣੀ।" ਸੋਢੀ ਹਰਿ ਜੀ ਮਿਹਰਵਾਨ ਜੀ ਕੀਆਂ ਗੋਸ਼ਟਾਂ ਵਿਚ ਇਸੇ ਗੱਲ ਦੀ ਪੁਸ਼ਟੀ ਲਈ ਇਕ ਥਾਵੇਂ ਲਿਖਦੇ ਹਨ ਕਿ, "ਆਗੇ ਪੋਥੀ ਕਿਸੇ ਡੇਰੇ ਹੋਦੀਆਂ ਨਾਹੀ। ਜਪੁ[1] ਪੜੀਦਾ ਅਤੇ ਸਬਦ ਗਾਵੀਦੇ। ਤਬ ਸਭਨੀ ਡੇਰੀ ਪੋਥੀਆ ਮਿਲੀਆਂ,... ਪੋਥੀਆਂ ਲਾਗੇ ਵਾਚਣੇ।" (ਦਖੋ, ਗੋਸ਼ਟਿ ੨) ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਪੁਰਾਤਨ ਜਨਮ ਸਾਖੀ ਜਾਂ ਭਾਈ ਬਾਲੇ ਦੀ ਜਨਮ ਸਾਖੀ (ਗੁਰੂ ਨਾਨਕ ਦੇਵ ਜੀ) ਤੇ ਗੋਇੰਦਵਾਲ ਵਾਂਲੀਆਂ ਪੋਥੀਆਂ ਤੋਂ ਪਿੱਛੋਂ ਪੋਥੀ-ਪੁਸਤਕ ਲਿਖਣ ਦਾ ਰਿਵਾਜ ਬਹੁਤਾ ਸੋਢੀ ਮਿਹਰਵਾਨ ਨੇ ਹੀ ਚਲਾਇਆ ਸੀ।

ਇਸ ਤਰ੍ਹਾਂ ਵਿਦਿਅਕ ਕੰਮਾਂ ਦੇ ਨਾਲ ਹੀ ਮਿਹਰਵਾਨ ਜੀ ਦਾ ਦੂਜਾ ਕੰਮ ਸੀ ਆਪਣੀ ਗੁਰਿਆਈ ਚਲਾਉਣ ਲਈ ਗੁਰੂ-ਦਰਬਾਰ ਦੇ ਕੁਝ ਪ੍ਰਬੰਧਕੀ ਗੁਣ ਪ੍ਰਾਪਤ ਕਰਨੇ। ਸੋਢੀ ਹਰਿ ਜੀ ਲਿਖਦੇ ਹਨ ਕਿ,

**ਪ੍ਰਬੰਧ ਸੰਬੰਧੀ ਗੁਣ**

"ਫੇਰਿ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ ਥੇ ਗਲ ਪਈ ਜੇ, ਬਾਣੀ ਨਾਲ ਮਨੋਹਰਿ ਦਾਸ (ਮਿਹਰਵਾਨ) ਕਾ ਬਹੁਤ ਹੇਤ ਹੈ।" ਤਬ ਹਰੂ ਸਲੀ, ਦੁਰਗਾ ਛੋਟੜਾ—ਏਹੁ ਹਜ਼ੂਰ ਰਹਦੇ ਥੇ। ਤਬ ਏਹੁ ਸਦ ਕੈ ਪੁਛੇ ਜੇ, "ਹੁਣੁ ਕਿਉ ਕਰਿ ਸੂਤਿ ਹੈ?" ਤਬ

---

[1] 'ਜਪੁ' ਜੀ ਦੀ ਇਕ ਪੁਰਾਤਨ ਹੱਥ-ਲਿਖਿਤ ਟੀਕਾ ਦੇ ਮੁੱਢ ਵਿਚ ਭੂਮਿਕਾ ਵਜੋਂ ਲਿਖਿਆ ਹੈ ਕਿ ਇਹ ਬਾਣੀ ਪਹਿਲਾਂ ਕ੍ਰਮ ਅਨੁਸਾਰ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਨਾਲ ਇਸ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੀ ਕ੍ਰਮਿਕ ਰੂਪ ਦਿੱਤਾ ਸੀ। ਇਸ 'ਜਪੁ-ਟੀਕਾ' ਦੀ ਇਕ ਪ੍ਰਤੀ ਮੇਰੇ ਨਿੱਜੀ ਪੁਸਤਕਾਲੇ ਵਿਚ ਮੌਜੂਦ ਹੈ, ਜੋ ਵਿਚਕਾਰੋਂ ਕਈ ਥਾਵਾਂ ਤੋਂ ਅਧੂਰੀ ਹੈ।



Digitized by Panjab Digital Library | www.panjabdigilib.org

ਏਨਾ ਬੇਨਤੀ ਕੀਤੀ ਜੇ, "ਜੀ, ਤੂੰ ਸਭ ਕਿਛੁ ਜਾਣਦਾ ਹੈਂ, ਜੋ ਵਸਤੁ ਲੋੜੀਦੀ ਸੀ ਮਿਹਰਿ ਕਰਿ ਤੁਹਿ ਦਿਤੀ ਹੈ।..." ਤਬ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ ਕਹਿਆ, "ਜਿ, ਅਮੋਲਕ ਵਸਤੁ ਥੀ ਸੋ ਮਨੋਹਰਿ ਦਾਸ ਨੂ ਗੁਰੂ ਦਿਤੀ ਹੈ, ਪਰ ਕਿਛੁ ਸੇਵਾ ਕੀਤੀ ਬਣੈ।" ਤਬ ਜਿਤਨਾ ਕੰਮੁ ਗੁਰੂ ਅਰਜਨ ਕੇ ਡੇਰੇ ਦਾ ਅੰਦਰਲਾ ਬਾਹਰਲਾ ਸਭੁ ਕੰਮੁ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ ਕੇ ਹਵਾਲੇ ਥਾ। ਤਬ ਗੁਰੂ ਮਿਹਰਿਵਾਨ ਨੂ ਹਜੂਰਿ ਸਦਿ ਕੈ ਕੰਮ ਸਭ ਗੁਰੂ ਅਰਜਨ ਕੇ ਡੇਰੇ ਦਾ ਅਰੁ ਗੁਰੂ (ਪ੍ਰਿਥੀ ਚੰਦ) ਆਪਣੇ ਘਰ ਦਾ ਕੰਮੁ ਸਭੁ ਸਉਪਿਆ, ਪੈਰੀ ਪੈ ਕੇ ਲੇਖਾ-ਚੋਖਾ ਸਭੁ ਸਮਝਾਇ ਛੋਡਿਆ। ਹਰੂ, ਦੂਰਗੇ ਨੋ ਆਖਿ ਛੋਡਿਆ, "ਜੋ ਸਭੁ ਕੰਮੁ ਟਹਲ ਗੁਰੂ ਮਿਹਰਿਵਾਨ ਦੇ ਹਵਾਲੇ ਹੈ ਅਰੁ ਤੁਸੀ ਇਸ ਦੇ ਅਗੇ ਟਹਲ ਕਰਹੁ।" ਜੇ ਕੋਈ ਗਲ ਸਮਝਾਵਣੀ ਸੀ ਸੋ ਸਮਝਾਇ ਛੋੜੀ[1]।" ਮਿਹਰਵਾਨ ਜੀ ਨੇ ਇਸ ਸਮੇਂ ਇਹ ਸ਼ਬਦ ਕਹੇ, "ਜੀ, ਮਾਇਆ ਦੀ ਟਹਲ ਕਜਲ਼ ਦੀ ਕੋਠੜੀ ਹੈ, ਕਿਛੁ ਦਾਗੁ ਲਗੈ... ਮੇਰਾ ਕਿਆ ਚਾਰਾ ਹੈ," ਪਰ ਪ੍ਰਿਥੀ ਚੰਦ ਨੇ ਅੱਗੋਂ ਉਸ ਨੂੰ ਸ਼ਬਦ ਦੇ ਖ਼ਜ਼ਾਨੇ ਦੀ ਬਖ਼ਸ਼ਿਸ਼ ਹੋਈ ਦੱਸ ਕੇ ਸਮਝਾ ਦਿੱਤਾ।

ਸੋਢੀ ਹਰਿ ਜੀ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ੧੨ ਵਰ੍ਹੇ ੧੧ ਮਹੀਨੇ, ੮ ਦਿਨ ਪਿੰਡ ਹੇਹਰ ਰਹਿ ਕੇ, ਜਿੱਥੇ ਕਿ ਉਸ ਦਾ ਦਰਬਾਰ ਬਣਿਆ ਹੋਇਆ ਸੀ, ਆਪਣੀ ਗੱਦੀ ਚਲਾਉਂਦਾ ਰਿਹਾ। ਫੇਰ ਵੈਸਾਖ ਸੁਦੀ ੦੨, ਸੰਮਤ ੧੬੭੫ ਬਿ; ਨੂੰ ਉਸ ਦਾ ਸੁਰਗਵਾਸ ਹੋਣ ਤੇ ਸੋਢੀ ਮਿਹਰਵਾਨ ਜੀ ੩੭ ਵਰ੍ਹੇ ਦੀ ਉਮਰ ਵਿਚ ਗੱਦੀ ਪਰ ਬੈਠੇ ਤੇ ਭਗਤੀ ਕਮਾਉਣ ਲੱਗੇ। ਇਨ੍ਹਾਂ ਨੇ ਆਪਣੀ ਸੰਪ੍ਰਦਾਇ ਦੀ ਇਕਤ੍ਰਤਾ ਲਈ ਦੋ ਉਤਸਵ ਮੁੱਖ ਰੱਖੇ : (੧) ਮਾਘ ਦੀ ਬਸੰਤ ਪੰਚਮੀ ਅਤੇ (੨)ਵਿਸਾਖੀ, ਤੇ ਖ਼ੁਦ ਬੜੇ ਭਗਤੀ-ਭਾਵ ਸਹਿਤ ਸਾਧੂ ਵ੍ਰਿੱਤੀ ਵਿਚ ਰਹਿਣ ਲੱਗੇ। ਸਿੱਖ ਸੰਗਤਾਂ ਨੂੰ ਆਪਣੇ ਵਲ ਪ੍ਰੇਰਨ ਵਾਸਤੇ ਇਨ੍ਹਾਂ ਨੇ ਇਸ ਸਮੇਂ ਜੋ ਨਿਤ-ਕ੍ਰਿਆ

[1]ਸੋਢੀ ਹਰਿ ਜੀ, ਗੋਸ਼ਟਾਂ ਸੋਢੀ ਮਿਹਰਬਾਨ ਜੀ ਕੀਆਂ, ਗੋਸ਼ਟਿ ਦੂਜੀ।



Digitized by Panjab Digital Library | www.panjabdigilib.org

ਅਖ਼ਤਿਆਰ ਕੀਤੀ ਉਹ ਵੀ ਏਥੇ ਜ਼ਿਕਰ ਕਰਨ ਜੋਗ ਹੈ। ਸੋਢੀ ਹਰਿ ਜੀ 'ਗੋਸ਼ਟਾਂ ਮਿਹਰਵਾਨ ਜੀ ਕੀਆਂ' ਵਿਚ ਇਕ ਥਾਵੇਂ ਲਿਖਦੇ ਹਨ :—

"ਤਬ ਸ੍ਰੀ ਸਤਿਗੁਰੂ ਜੀ ਕੇ ਪੋਥੀ[1] ਸੰਗ ਹੀ ਰਹਤੀ ਥੀ, ਏਕੁ ਪਲੁ ਭਰਿ ਦੂਰਿ ਨਾਹੀ ਕਰਤੇ ਥੇ। ... ਜਬ ਪਿਛਲੀ ਰਾਤਿ ਹੋਇ ਤਬ ਦੁਇ ਘੜੀਆ ਮਾਲਾ ਲੈ ਫੇਰਦੇ ... ਤਬ ਤਿਸ ਤੇ ਉਪਰੰਤਿ ਉਠਿ ਬੈਠਤਾ। ਪੋਥੀ ਕੀ ਪੈਰੀ ਪੈ ਕਰਿ ਭੀ ਦੁਇ ਘੜੀਆ ਬੈਠਿ ਕਰਿ ਮਾਲਾ ਫੇਰਤਾ। ਤਿਸ ਤੇ ਉਪਰੰਤ ਮਹਲੀ ਸੇਵਕ ਟਹਲੀਏ ਨਿਕਟਿ ਆਇ ਪ੍ਰਾਪਤਿ ਹੋਤੇ, ਤਬ ਦਾਤੁਣੁ ਕਰਾਵਤੇ। ਮੁਖੁ ਧੋਇ ਕਰਿ, ਪਵਿਤ੍ਰ ਹੋਇ ਕਰਿ ਪੋਥੀ ਕੀ ਪੈਰੀ ਪੈ ਕਰਿ ਬਹੁੜਿ ਮਾਲਾ ਫੇਰਤਾ। ਤਬ ਬਹੁੜ ਸਿਖ ਸੰਗਤਿ, ਪਰਵਾਰੁ ਸਭੁ ਨਿਕਟਿ ਆਇ ਚਰਨੀ ਲਾਗਤੇ, ਦਰਸਨੁ ਕਰਤੇ। ਤਬ ਏਹੀ ਸੁਭਾਉ ਹੋਤਾ ਜੇ

**ਸੋਢੀ ਮਿਹਰਵਾਨ ਦੀ ਨਿਤ ਕ੍ਰਿਯਾ**

ਨਿਤਿ ਨਏ ਆਏ ਕਉ ਕੁਸਲੁ ਪੁਛੀਤਾ ਜੇ, 'ਭਾਈ, ਸੁਖ ਹੈ ?' ਆਗੇ ਤੇ ਸਭ ਲੋਕੁ ਏਹੀ ਕਹਤੇ ਜੇ, 'ਜੀ, ਤੇਰੇ ਪਰਸਾਦਿ ਸੁਖੁ ਹੈ।' ਤਬ ਸਿਖ ਸੰਗਤੀ ਕਉ ਭਗਤਾ ਕੀਆਂ ਸਾਖੀਆਂ ਅਰੁ ਅਉਰੁ ਕਥਾ ਚਰਚਾ ਪਰਮੇਸਰ ਕੀ ਨਿਮਤਿ ਨਿਤ ਹੋਇਆ ਕਰਤਾ। ਤਬ ਸਭੁ ਸੰਗਤਿ ਸਿਖ ਪੈਰੀ ਪੈ ਕੇ ਡੇਰੇ ਕਉ ਜਾਤੇ, ਤਿਸ ਕੇ ਪੀਛੇ ਭੇਲੁ ਮਰਦਨ ਕਰਾਇ ਕੈ ਇਸਨਾਨੁ ਹੋਤਾ। ਤਿਲਕੁ ਲਗਾਇ ਪੋਥੀ ਕੀ ਪੂਜਾ ਕਰਿ ਕਰਿ ... ਨਿਤ ਹੀ ਕਿਛੁ ਦਾਨੁ ਕਰੀਤਾ। ਬਹੁੜਿ ਠਾਢੇ ਹੋਇ ਕਰਿ ਏਕ ਵਾਰ ਜਪੁ ਪੜੀਤਾ, ਬਹੁੜਿ ਜਪੁ ਕਾ ਭੋਗੁ ਪਾਇ ਕਰਿ ਲੰਬੇ ਆਸਨਿ ਹੋਇ ਕਰਿ

---

[1]ਇਹ ਪੋਥੀ ਉਹੋ ਸੀ ਜਿਸ ਬਾਰੇ ਭਾਈ ਕੇਸਰ ਸਿੰਘ ਛਿੱਬਰ ਨੇ ਬੰਸਾਵਲੀ ਨਾਮੇ ਵਿਚ ਲਿਖਿਆ ਹੈ :—

"ਮੀਣਿਆ ਵੀ ਇਕ ਗ੍ਰੰਥ ਬਣਾਇਆ।
ਚਹੁੰ ਪਾਤਸਾਹੀਆਂ ਦੇ ਸਬਦ ਬਾਣੀ
ਵਿਚ ਲਿਖਿ ਪਾਇਆ" ॥ ੯੧ ॥

ਤੇ ਇਸ ਪੋਥੀ ਵਿਚ ਮਿਹਰਵਾਨ ਜੀ ਦੀ ਆਪਣੀ ਬਾਣੀ ਵੀ ਸ਼ਾਮਲ ਸੀ।



Digitized by Panjab Digital Library | www.panjabdigilib.org

ਡੰਡਉਤ ਕਰਤਾ ਅਰੁ ਚਾਰ ਪਹਰਿ ਦਿਨੁ ਅਰੁ ਰਾਤਿ ਕੇ ਵਿਖੇ ਇਕੀਸ ਵਾਰ ਜਪੁ ਪੜੀਤਾ।... ਪੈਰੀ ਪੜਨਾ ਅਰੁ ਡੰਡਉਤ ਕਰਣੇ ਕਾ ਐਸਾ ਸੁਭਾਉ ਥਾ ਜੇ ਕਿਛੁ ਗਣਿ ਨ ਸਕੀਅਹਿ ਅਰੁ ਪਰਮੇਸੁਰ ਕੇ ਭੇਖ ਕਾ ਕੋਈ ਅਥਿਤੁ, ਫਕੀਰੁ, ਜੋਗੀ, ਸੰਨਿਆਸੀ, ਪੰਡਿਤੁ, ਅਤੀਤੁ ਭੇਖ ਧਾਰੀ ਕੋਈ ਆਵੈ ਤਉ ਤਿਸ ਕਉ ਬਹੁਤੁ ਆਦਰੁ ਕਰਤੇ। ਬਾਹਰਿ ਆਇ ਉਸ ਕਉ ਮਿਲਣਾ, ਆਪਨੇ ਨਿਕਟਿ ਉਸ ਕਉ ਬੈਠਾਵਨਾ ਅਰੁ ਜਿਸ ਭਾਂਤਿ ਉਸ ਨਾ ਸੰਤੋਖੁ ਹੋਤਾ ਸਾਈ ਬਿਧਿ ਕਰਤਾ। ਕਿਛੁ ਵਚਨਹੁ ਕਰਿ ਕਰਿ ਸਮਾਧਾਨ ਕੀਜੀਤਾ, ਕਿਛੁ ਦੇਣੇ ਕਰਿ ਕਰਿ ਤੋਖੀਤਾ, ਕਿਛੁ ਉਸ ਕਉ ਖੁਲਾਇ ਕਰਿ ਬਹੁੜਿ ਉਸ ਕਉ ਪ੍ਰਸੰਨੁ ਕਰਿ ਕਰਿ ਵਿਦਾ ਕਰਤਾ। ਅਰੁ, ਜਬ ਕੀਰਤਨੁ ਕਰਨ ਬੈਠਤਾ ਤਬ ਐਸਾ ਕੀਰਤਨੁ ਪ੍ਰੇਮ ਸਾਥ ਮਗਨੁ ਹੋਇ ਕਰਿ ਕਰਤਾ ਜੋ ਸੁਣਨਹਾਰਿਆ ਸੇਵਕਾ ਕਾ ਧੀਰਜੁ ਨਾ ਰਹਤਾ। ਉਹ ਸਮਾ ਐਸਾ ਹੋਤਾ ਜੇ ਸਭ ਜੀਅ ਜੇ ਕੀਰਤਨੁ ਮਹਿ ਬੈਠੇ ਹੋਤੇ ਤਿਨ ਕਾ ਧਿਆਨੁ ਪਰਮੇਸਰ ਸਿਉ ਜਾਇ ਲਾਗਤਾ, ਅਉਰੁ ਮਾਇਆ ਮੋਹ ਕੀ ਕਿਛੁ ਆਂਚਿ ਨ ਰਹਤੀ। ਤਬ ਸੰਗਤਿ ਸਿਖਿ ਕੀਰਤਨੁ ਤੇ ਉਪਰੰਤਿ ਵਿਦਾ ਹੋਤੇ ਅਰੁ ਆਪਿ ਅਢਾਈ ਪਹਰਿ ਰਾਤਿ ਬੀਚ ਖਿਨੁ ਏਕੁ ਟਿਕੀਤਾ, ਫਿਰਿ ਉਠਿ ਕਰਿ ਉਹੀ ਸੁਭਾਉ ਕਰਤੇ ਅਰੁ ਰਬਾਬੀਆਂ ਕੀਆਂ ਚਉਕੀਆ ਜੋੜਿ ਛੋਡੀਆ ਥੀਆ। ਓਇ ਦਿਨੁ ਰਾਤਿ ਕੀਰਤਨੁ ਕੀਆ ਹੀ ਕਰਤੇ। ਇਸ ਹੀ ਭਾਤਿ ਸਾਰੀ ਅਵਰਦਾ ਕੇ ਦਿਨਿ ਬੀਤੇ। ਬਿਰਥਾ ਸਾਸ ਕੋਈ ਜਾਣੇ ਨਾ ਦੀਆ।"

(ਗੋਸ਼ਟਿ ਤੀਜੀ)

**ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੀਸੋ ਰੀਸ ਮਿਹਰਵਾਨ ਦਾ ਸਭ ਤੋਂ ਪਹਿਲਾ ਸ਼ਬਦ**

ਸੋਢੀ ਮਿਹਰਵਾਨ ਨੇ ਸਿੱਖ ਗੁਰੂਆਂ ਦੇ ਮੁਕਾਬਲੇ ਤੇ ਬਾਣੀ ਰਚਣ ਦਾ ਅਭਿਆਸ ਤਾਂ ਭਾਵੇਂ ਸ਼ੁਰੂ ਵਿਚ ਹੀ ਕਰ ਲਿਆ ਸੀ, ਤੇ ਇਸੇ ਕਾਰਣ ਤਜਰਬਾ ਹੋਣ ਤੇ ਜਵਾਨੀ ਦੀ ਉਮਰ ਵਿਚ ਬਹੁਤ ਸਾਰੀ ਬਾਣੀ ਰਚੀ ਵੀ ਸੀ, ਪਰ ਉਨ੍ਹਾਂ ਨੇ ਪਹਿਲੇ ਪਹਿਲ ਜੋ ਸ਼ਬਦ ਉਚਾਰਿਆ ਤੇ ਲਿਖਿਆ ਉਸ ਦਾ ਪਤਾ ਸੋਢੀ ਹਰਿ ਜੀ ਦੇ ਇਸ ਕਥਨ ਤੋਂ ਲਗਦਾ ਹੈ :—



Digitized by Panjab Digital Library | www.panjabdigilib.org

"ਆਦਿ ਹੀ ਜਬ ਬਾਣੀ ਕਾ ਉਚਾਰੁ ਭਇਆ ਤਬ ਪਹਲੇ ਹੀ ਲਹੌਰਿ[1] ਮਹਿ ਏਹੀ ਸਬਦੁ ਪ੍ਰਕਾਸਿਆ :—

ਰਾਗੁ ਮਾਝ ਮਹਲਾ ੭

ਮਨ ਮਹਿ ਪ੍ਰੀਤਿ ਗੁਰ ਦਰਸਨ ਕੇਰੀ ।
ਅਨਦਿਨ ਚਾਹੋ ਸੰਗਤਿ ਤੇਰੀ ।
ਬਿਸਰ ਨ ਜਾਹੀ ਪ੍ਰਾਨਿ ਸੁਖ ਦਾਤੇ,
ਹਰਿ ਜਲੁ ਚਾਤ੍ਰਿਕ ਦੀਜੈ ਜੀ ॥ ੧ ॥
ਧੰਨ ਸੁ ਦਰਸਨੁ ਗੁਰੁ ਜੀ ਤੇਰਾ ।
ਬਾਰਿ ਬਾਰਿ ਜਾਵਾ ਲਖ ਬੇਰਾ ।
ਅਨਹਦ ਬਾਣੀ ਸਦਾ ਧੁਨ ਤੇਰੀ,
ਗੁਰ ਸਬਦੀ ਮਨੁ ਭੀਜੈ ਜੀ ॥ ੨ ॥
ਪਲੁ ਭਰ ਤੁਝ ਬਿਨੁ ਰਹਿਓ ਨ ਜਾਤਾ ।
ਅਬ ਕਬ ਦੇਖੌ ਦਰਸਨ ਗੁਰੁ ਗਾਤਾ ।
ਨਿਸ ਦਿਨ ਟਿਕੇ ਨਹੀ ਮਨੁ ਤੁਝਿ ਬਿਨੁ,
ਚਰਣ ਕਮਲ ਲਾਇ ਲੀਜੈ ਜੀ ॥੩॥
ਖੇਲ ਕੀਆ ਸਚਖੰਡ ਸਿਧਾਰੇ ।
ਜਿਨ ਜਿਨ ਡਿਠਾ ਸੌ ਪਾਰਿ ਉਤਾਰੇ ।

---

[1]ਇਹ ਸ਼ਬਦ ਜੇ ਮੁਕਾਬਲਾ ਕਰਕੇ ਦੇਖਿਆ ਜਾਵੇ ਤਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਕ੍ਰਿਤ ਮਾਝ ਮਹਲਾ ੫ ਦੇ ਉਸ ਸ਼ਬਦ ਦੀ ਨਕਲ ਹੈ ਜੋ ਉਨ੍ਹਾਂ ਨੇ ਲਾਹੌਰੋਂ ਸ਼੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਚਿੱਠੀ ਵਜੋਂ ਭੇਜਿਆ ਸੀ । ਉਸ ਸ਼ਬਦ ਦੀਆਂ ਮੁੱਢਲੀਆਂ ਤੁਕਾਂ ਇਹ ਹਨ :—

"ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥"...



Digitized by Panjab Digital Library | www.panjabdigilib.org

ਨਾਨਕ ਦਾਸ ਸਬਦੁ ਗੁਰੁ ਦੀਆ,
ਗੁਰਮੁਖਿ ਅੰਮ੍ਰਿਤੁ ਪੀਜੈ ਜੀ[1] ॥੪॥

ਸੋਢੀ ਮਿਹਰਵਾਨ ਦਾ ਸਭ ਤੋਂ ਅੰਤਲਾ ਸ਼ਬਦ

ਇਸੇ ਤਰ੍ਹਾਂ ਸੋਢੀ ਮਿਹਰਵਾਨ ਜੀ ਨੇ ਸੰਮਤ ੧੬੯੬ ਬਿ: ਵਿਚ ਮਾਘ ਸੁਦੀ ਬਸੰਤ ਪੰਚਮੀ ਵਾਲੇ ਦਿਨ ਅਤ ਸਮੇਂ ਜੋ ਆਖ਼ਰੀ ਸਬਦ ਉਚਾਰਿਆ ਉਹ ਵੀ ਸੋਢੀ ਹਰਿ ਜੀ ਕ੍ਰਿਤ 'ਗੋਸ਼ਟਾਂ ਮਿਹਰਵਾਨ ਜੀ ਕੀਆਂ' ਵਿਚੋਂ ਮਿਲਦਾ ਹੈ, ਜੋ ਇਸ ਪ੍ਰਕਾਰ ਹੈ :—

ਸੰਤ ਮਿਲੇ ਤਬ ਹਰਿ ਮਿਲੇ,
ਤਬ ਸੁਖੁ ਪਾਇਆ ਪਰਮਾਨੰਦ ।
ਮਨੁ ਤਨੁ ਸਭੁ ਸੀਤਲੁ ਭਇਆ,
ਭੇਟੇ ਗੁਰੁ ਗੋਬਿੰਦ ।
ਸੰਤਨ ਕੀ ਆਗਿਆ ਭਈ,
ਅਬ ਚਲੀਐ ਹਰਿ ਕੇ ਦੁਆਰਿ ।
ਜੋ ਮਨ ਮਹਿ ਦਰਸਨ ਕੀ ਪਿਆਸ ਥੀ,
ਸੋ ਪੂਰੀ ਕਰੀ ਕਰਤਾਰਿ ।
ਸੰਤ ਸੰਗਿ ਮਿਲਿ ਉਠਿ ਚਲੇ,
ਧੁਨਿ ਅਨਹਦੁ ਭਈ ਹੁਲਾਸ ।
ਹਰਿ ਦਰਸਨ ਕਉ ਪਰਸ ਕਰਿ,
ਸੁਖ ਪਾਇਆ ਨਾਨਕ ਦਾਸ ॥ ੧ ॥

(ਦੇਖੋ, ਗੋਸ਼ਟਿ ੪੫)

---

[1]ਦੇਖੋ, ਸੋਢੀ ਹਰਿ ਜੀ ਕ੍ਰਿਤ, ਗੋਸ਼ਟਾਂ ਮਿਹਰਵਾਨ ਜੀ ਕੀਆਂ, ਗੋਸ਼ਟਿ ੩ ।



Digitized by Panjab Digital Library | www.panjabdigilib.org

ਤੇ ਇਸ ਦੇ ਨਾਲ ਹੀ, ਜਿਵੇਂ ਕਿ ਇਸ ਸ਼ਬਦ ਵਿਚੋਂ ਝਲਕ ਪੈਂਦੀ ਹੈ, ਇਸ ਗੋਸ਼ਟਿ ਵਿਚ ਲਿਖਿਆ ਹੈ ਕਿ ਜਦ ਸੋਢੀ ਮਿਹਰਵਾਨ ਜੀ ਮਾਘ ਸੁਦੀ ਬਸੰਤ ਪੰਚਮੀ ਵਾਲੇ ਦਿਨ ਨਾਮ-ਦਾਨ, ਇਸਨਾਨ ਤੋਂ ਫ਼ਾਰਿਗ਼ ਹੋਏ ਤਾਂ ਪਰਮੇਸੂਰ ਦੇ ਭੇਜੇ ਹੋਏ ਅੰਬਰੀਖ, ਨਾਰਦ ਧਰੂ, ਪ੍ਰਹਿਲਾਦ, ਰਾਜਾ ਜਨਕ, ਵਿਦੇਹੀ (ਸੀਤਾ) ਕਪਿਲ ਮੁਨੀ, ਦੱਤਾ ਤ੍ਰੇਯ, ਸਨਕ, ਸਨੰਦਨ, ਸਨਤ ਕੁਮਾਰ ਆਦਿ ੯ ਅਵਧੂਤ, ੧੦ ਪ੍ਰਚੇਤਾ, ਯੋਗੀ ਗੋਰਖ ਨਾਥ, ਰਾਮਾਨੰਦ, ਤ੍ਰਿਲੋਚਨ, ਕਬੀਰ, ਰਵਿਦਾਸ, ਜੈ ਦੇਉ, ਧੰਨਾ, ਪੀਪਾ, ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਪੰਜ ਸਿੱਖ-ਗੁਰੂ ਮਿਹਰਵਾਨ ਜੀ ਨੂੰ ਲੈਣ ਆਏ ਤੇ ਸਾਰਾ ਘਰ ਸੁਗੰਧੀ ਨਾਲ ਭਰ ਗਿਆ। ਭਾਵੇਂ ਇਹ ਕਥਨ ਨਿਰੀ ਮਿਥਿਹਾਸਿਕ ਕਲਪਨਾ ਹੀ ਮੰਨੀ ਜਾ ਸਕਦੀ ਹੈ, ਪਰ ਇਸ ਤੋਂ ਸੋਢੀ ਹੋਰਾਂ ਦੇ ਦੇਵਤਾਵਾਦੀ ਮਾਨਸਿਕ ਝੁਕਾਉ ਦਾ ਪਤਾ ਜ਼ਰੂਰ ਲਗਦਾ ਹੈ।

ਪ੍ਰਿਥੀ ਚੰਦ ਨੇ ਆਪਣੇ ਹੇਹਰਾਂ ਵਾਲੇ ਦਰਬਾਰ ਦਾ ਨਾਮ ਸੱਚਖੰਡ ਰੱਖਿਆ ਹੋਇਆ ਸੀ, ਤੇ ਇਹ ਦਰਬਾਰ ਉਸ ਨੇ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ,

**'ਸੱਚ ਖੰਡ' ਦਰਬਾਰ**

ਅਮ੍ਰਿਤਸਰ ਦੇ ਸੁਧਾ ਸਰੋਵਰ ਤੇ ਸ੍ਰੀ ਹਰਿ ਮੰਦਿਰ ਸਾਹਿਬ ਦੀ ਰੀਸੋ ਰੀਸ ਸੁਲਹੀ ਖ਼ਾਨ ਦੇ ਕਹਿਣ ਤੇ ਤਿਆਰ ਕਰਵਾਇਆ ਸੀ। ਅਮ੍ਰਿਤਸਰ ਛੱਡਣ ਪਿੱਛੋਂ ਪ੍ਰਿਥੀ ਚੰਦ ਬਹੁਤਾ ਇਥੇ ਹੀ ਰਹਿੰਦਾ ਸੀ ਤੇ ਮਿਹਰਵਾਨ ਨੇ ਵੀ ਸਿੱਖ ਗੁਰੂਆਂ ਦੇ ਮੁਕਾਬਲੇ ਤੇ ਬਹੁਤੀ ਬਾਣੀ ਤੇ ਗੱਦ ਰਚਨਾ ਏਥੇ ਰਹਿ ਕੇ ਹੀ ਤਿਆਰ ਕੀਤੀ ਸੀ।

ਸੰਮਤ ੧੬੭੫ ਵਿਚ ਪ੍ਰਿਥੀਚੰਦ ਦਾ ਦੇਹਾਂਤ ਹੋਣ ਤੇ ਸੋਢੀ ਮਿਹਰਵਾਨ ਨੇ ਆਪਣੀ ਸਿੱਖੀ ਸੇਵਕੀ ਸਰਸਬਜ਼ ਰੱਖਣ ਲਈ ਨਾ-ਕੇਵਲ ਬਾਣੀ ਹੀ ਰਚੀ, ਸਗੋਂ ਦੇਸ਼ ਵਿਚ ਏਧਰ ਉਧਰ ਭ੍ਰਵਣ ਵੀ ਕੀਤਾ। ਪਹਿਲਾਂ ਉਹ ਹੇਹਰਾਂ



Digitized by Panjab Digital Library | www.panjabdigilib.org

ਤੋਂ ਚੱਲ ਕੇ ਸੁਕੇਤ ਗਏ ਤੇ ਰਾਜਾ ਸੰਸਾਰ ਚੰਦ[1] ਨੂੰ ਮਿਲੇ ਤੇ ਫੇਰ ਉਥੋਂ ਸੂਰਜ ਗ੍ਰਹਿਣ ਸਮੇਂ ਕੁਰਖੇਤ੍ਰ, ਸਮਾਣਾ ਆਦਿ ਥਾਵੀਂ ਹੁੰਦੇ ਹੋਏ ਕੁਟਲੇਹਰ, ਨੀਹਲ, ਬੁਤਾਲੇ ਤੇ ਗੋਇੰਦਵਾਲ ਪੁੱਜੇ । ਫੇਰ ਪੱਟੀ, ਮਾਲ ਦੇਵ ਕੀ, ਮੁੰਡੇ ਕੇ, ਗਜਹਿਲੀ, ਧੀਰ ਕੇ ਕਾਲੇ, ਸਹਿਣੇ, ਕਾਲੇ ਮਾਲ ਦੇਉ ਕੇ, ਮੁਹੰਮਦੀ ਪੁਰ, ਚਕੋ ਕੀ ਆਦਿ ਥਾਵਾਂ ਦਾ ਭ੍ਰਮਣ ਕੀਤਾ, ਜੋ ਇਸ ਯਾਤ੍ਰਾ ਵਿਚ ਹੀ ਸ਼ਾਮਲ ਸੀ ।

**ਦੇਸ਼-ਭ੍ਰਮਣ**

ਇਸਤਰ੍ਹਾਂ ਪਿੰਡ ਹੇਹਰ ਰਹਿ ਕੇ ਜਾਂ ਬਾਹਰ ਇਧਰ ਉਧਰ ਦੇਸਾਟਨ ਕਰ ਕੇ ਪ੍ਰਚਾਰ ਕਰਦਿਆਂ ਮਿਹਰਵਾਨ ਜੀ ਨੇ ਆਪਣੀ ਉਮਰ ਦੇ ਬਾਕੀ ਰਹਿੰਦੇ ਲਗਭਗ ਸਾਰੇ ਹੀ ਸਾਲ ਗੁਜ਼ਾਰ ਦਿੱਤੇ । ਆਖ਼ਰ ਸੰਮਤ ੧੬੯੬ ਵਿਚ ਮਾਘ ਦੀ ਬਸੰਤ ਪੰਚਮੀ ਵਾਲੇ ਦਿਨ ਉਨ੍ਹਾਂ ਦਾ ਦੇਹਾਂਤ ਪਿੰਡ ਹੇਹਰ ਵਿਖੇ ਹੋਇਆ । ਸੋਢੀ ਹਰਿ ਜੀ, ਜੋ ਉਨ੍ਹਾਂ ਦੇ ਇਕਲੌਤੇ ਪੁਤ੍ਰ ਸਨ, ਇਸ ਸਮੇਂ ਇਨ੍ਹਾਂ ਦੀ ਥਾਵੇਂ ਗੱਦੀ-ਨਸ਼ੀਨ ਹੋਏ ।

**ਸੋਢੀ ਮਿਹਰਵਾਨ ਦਾ ਦੇਹਾਂਤ**

ਸੋਢੀ ਮਿਹਰਵਾਨ ਜੀ ਦੇ ਸਮੇਂ ਵਿਚ ਹੀ ਉਨ੍ਹਾਂ ਦੀ ਸੰਪ੍ਰਦਾਇ ਦੋ ਹਿੱਸਿਆਂ ਵਿਚ ਵਟ ਗਈ ਸੀ : (੧) ਦੀਵਾਨੇ ਸਾਧਾਂ ਦੀ ਸੰਪ੍ਰਦਾਇ, ਤੇ (੨) ਸੋਢੀਆਂ ਦੀ ਮੀਣਾ-ਸੰਪ੍ਰਦਾਇ ।

(੧) ਪਹਿਲੀ ਦੀਵਾਨੇ ਸਾਧਾਂ ਦੀ ਸੰਪ੍ਰਦਾਇ, ਜੋ ਬਾਲਾ ਤੇ ਹਰੀਆ

---

[1] ਰਾਜਾ ਸੰਸਾਰ ਚੰਦ ਸੁਕੇਤ ਵਾਲਾ ਸ਼ਾਇਦ ਕੋਈ ਨਹੀਂ ਹੋਇਆ ਤੇ ਇਸ ਨਾਮ ਦੇ ਕਟੋਚ ਰਾਜੇ ਦੋ ਹੋਏ ਹਨ : (੧) ਰਾਜਾ ਸੰਸਾਰ ਚੰਦ, ਜਿਸ ਦਾ ਸਮਾਂ ਸੰਮਤ ੧੪੮੭ ਤੋਂ ਸੰਮਤ ੧੫੦੧ ਬਿ: ਤਕ ਹੈ, ਤੇ (੨) ਰਾਜਾ ਸੰਸਾਰ ਚੰਦ, ਜੋ ਸੰਮਤ ੧੮੩੨ ਤੋਂ ੧੮੮੦ ਬਿ: ਤਕ ਕਾਂਗੜੇ ਤੇ ਰਾਜ ਕਰਦਾ ਰਿਹਾ । ਸੋਢੀ ਮਿਹਰ-ਵਾਨ ਜੀ ਕਿਸ ਰਾਜਾ ਸੰਸਾਰ ਚੰਦ ਨੂੰ ਮਿਲੇ, ਇਸ ਬਾਰੇ ਇਤਿਹਾਸ ਵਿਚੋਂ ਕੁਝ ਪਤਾ ਨਹੀਂ ਲਗਦਾ ।



Digitized by Panjab Digital Library | www.panjabdigilib.org

**ਦੋ ਵੱਖੋ ਵੱਖ ਗੁਰ-ਪ੍ਰਣਾਲੀਆਂ**

ਨਾਮੀ ਦੋ ਜੱਟ ਸਿੱਖਾਂ ਨੇ ਮਾਲਵੇ ਵਿਚ ਕਾਇਮ ਕੀਤੀ, ਉਸ ਦੇ ਅਨੁਸਾਰ ਇਨ੍ਹਾਂ ਦੀ ਗੁਰ-ਪ੍ਰਣਾਲੀ ਇਉਂ ਹੈ :—

ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਦਾਸ, ਗੁਰੂ ਅਰਜਨ, ਮਿਹਰਵਾਨ, ਭੂੰਦੜ, ਬਾਲਾ, ਹਰੀ ਦਾਸ (ਹਰੀਆ), ਮੱਸਾ ਦਾਸ, ਦਰਬਾਹੀ, ਚਤੁਰ ਦਾਸ, ਸੁੰਦਰ ਰਾਮ, ਨਿਕਟਾਨੰਦ, ਮਨਮੋਹਨ ਤੇ ਬਾਵਾ ਰਾਮ ਦਾਸ[1] ।

(੨) ਦੂਜੀ ਸੋਢੀਆਂ ਦੀ ਸੰਪ੍ਰਦਾਇ ਦੀ ਗੁਰ-ਪ੍ਰਣਾਲੀ ਇਸ ਪ੍ਰਕਾਰ ਹੈ :—

ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਪ੍ਰਿਥੀ ਚੰਦ (ਗੁਰੂ ਸਾਹਿਬ), ਮਿਹਰਵਾਨ, ਹਰਿ ਜੀ, ਬਾਬਾ ਗੁਰਦਿੱਤਾ, ਹਰਿ ਗੋਪਾਲ, ਕੰਵਲ ਨੈਨ, ਜੀਵਣ ਮੱਲ, ਹਰਿ ਸਹਾਇ, ਅਜੀਤ ਸਿੰਘ, ਹਮੀਰ ਸਿੰਘ[2], ਫ਼ਤਿਹ ਸਿੰਘ, ਕ੍ਰਿਸ਼ਨ ਸਿੰਘ; ਜਸਵੰਤ ਸਿੰਘ ਤੇ ਆਤਮਜੀਤ ਸਿੰਘ[3] ।

**ਦੀਵਾਨੇ ਸਾਧੂ ਤੇ ਉਨ੍ਹਾਂ ਦੀ ਕਾਵਯ-ਰਚਨਾ**

ਦੀਵਾਨੇ ਸਾਧੂ, ਜੋ ਸੋਢੀ ਮਿਹਰਵਾਨ ਜੀ ਦੇ ਅਨੁਯਾਈ ਹੋਣ ਕਰ ਕੇ ਮਿਹਰਵਾਨੀਏ ਵੀ ਕਹਾਉਂਦੇ ਹਨ, ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਹਨ । ਪਿੰਡਾਂ ਵਿਚ ਠੂਠਾ ਫੇਰ ਕੇ ਭੀਖ ਮੰਗਣੀ ਇਨ੍ਹਾਂ ਦਾ ਕਰਤੱਬ ਹੈ । ਵਧੀਕ ਵੇਰਵੇ ਲਈ ਦੇਖੋ, ਮਹੰਤ ਗਣੇਸ਼ਾਂ ਸਿੰਘ ਜੀ ਕ੍ਰਿਤ ਭਾਰਤ

---

[1] ਸਬੂਤ ਲਈ ਦੇਖੋ, ਬਾਵਾ ਰਾਮਦਾਸ ਜੀ ਦੀ ਬਾਣੀ, ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ ।

[2] ਸੋਢੀਆਂ ਦੀ ਗੁਰ-ਪ੍ਰਣਾਲੀ (ਹੱਥ ਲਿਖਿਤ), ਤੇ ਉਮਦਾਤੁੱ ਤ੍ਵਾਰੀਖ਼ (ਫ਼ਾਰਸੀ) ਕ੍ਰਿਤ ਸੋਹਨ ਲਾਲ, ਦਫ਼ਤਰ ਅੱਵਲ, ਸਫ਼ਾ ੭੫ ।

[3] Chiefs & Families of Note in The Punjab, vol. I, 1940, P. 234.



Digitized by Panjab Digital Library | www.panjabdigilib.org

ਮਤ ਦਰਪਣ (੧੯੮੩ ਬਿ:); ਸਫ਼ੇ ੧੮੩—੮੪ । ਇਨ੍ਹਾਂ ਵਿਚੋਂ ਬਾਵਾ ਹਰੀਆ (ਕੋਟ ਪੀਰ) ਤੇ ਬਾਵਾ ਰਾਮ ਦਾਸ ਜੀ (ਪਟਿਆਲਾ) ਪੰਜਾਬੀ ਦੇ ਦੋਵੇਂ ਉੱਤਮ ਕਵੀ ਹੋਏ ਹਨ; ਜਿਨ੍ਹਾਂ ਦੀ ਬਹੁਤ ਸਾਰੀ ਕਾਵਯ-ਰਚਨਾ ਹੁਣ ਵੀ ਮਿਲਦੀ ਹੈ ।

## ੭. ਸੋਢੀ ਮਿਹਰਵਾਨ ਦੀ ਸਾਹਿੱਤਕ ਸੇਵਾ

ਮੁੱਢਲੇ ਪ੍ਰਯਤਨ

ਪ੍ਰਿਥੀ ਚੰਦ ਨੇ, ਜਿਵੇਂ ਕਿ ਪਿੱਛੇ ਇਕ ਥਾਵੇਂ ਦੱਸਿਆ ਗਿਆ ਹੈ, ਆਪਣੇ ਪੁਤ੍ਰ ਮਿਹਰਵਾਨ ਨੂੰ 'ਸ਼ਬਦ-ਪੋਥੀ ਦਾ ਖ਼ਸਮ' ਪਹਿਲਾਂ ਹੀ ਕਹਿ ਦਿੱਤਾ ਸੀ । ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਉਹ ਗੁਰਮੁਖੀ(ਪੰਜਾਬੀ) ਦੇ ਨਾਲ ਹੀ ਫ਼ਾਰਸੀ, ਹਿੰਦਵੀ ਤੇ ਸੰਸਕ੍ਰਿਤ ਪੜ੍ਹਨ ਕਰਕੇ ਪੂਰਾ ਵਿਦਵਾਨ ਵੀ ਬਣ ਚੁੱਕਾ ਸੀ । 'ਸ਼ਬਦ-ਪੋਥੀ ਦਾ ਵਾਰਿਸ' ਹੋਣ ਕਰ ਕੇ ਕਵਿਤਾ ਤੇ ਗੱਦ ਲਿਖਣ ਵਲ ਉਸ ਹੀ ਰੁਚੀ ਮੁੱਢ ਤੋਂ ਹੀ ਸੀ, ਇਸ ਲਈ ਪਹਿਲਾਂ ਤਾਂ ਉਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੀਸੋ ਰੀਸ 'ਮੇਰਾ ਮਨ ਲੋਚੈ ਗੁਰ ਤਾਈ ।' (ਮਾਝ੍ਰ ਮਹਲਾ ੫) ਦੇ ਆਧਾਰ ਤੇ ਸ਼ਬਦ ਉਚਾਰਿਆ[1], ਜਿਸ ਦਾ ਵੇਰਵਾ ਪਿੱਛੇ ਦਿੱਤਾ ਜਾ ਚੁੱਕਾ ਹੈ ਤੇ ਫੇਰ ਹੋਰ ਪੋਥੀਆਂ ਲਿਖਣ ਤੋਂ ਅਲਾਵਾ ਸੰਮਤ ੧੬੫੭ ਬਿ: ਦੇ ਨੇੜੇ ਤੇੜੇ ਇਕ ਅਜਿਹਾ ਗ੍ਰੰਥ ਵੀ ਆਪਣੀ ਬਾਣੀ ਦਾ ਰਚ ਦਿੱਤਾ ਜਿਸ ਵਿਚ ਪਹਿਲੇ ਚਾਰ ਗੁਰੂਆਂ--(ਗੁਰੂ ਨਾਨਕ ਦੇਵ, ਗੁਰੂ ਅੰਗਦ ਸਾਹਿਬ, ਗੁਰੂ ਅਮਰ ਦਾਸ ਤੇ ਗੁਰੂ ਰਾਮ ਦਾਸ ਜੀ) ਦੀ ਬਾਣੀ ਵਾਂਗੁ ਅੰਤ ਕਵੀ-ਛਾਪ ਗੁਰੂ ਨਾਨਕ ਜੀ ਦੇ

---

[1]ਸੋਢੀ ਹਰਿ ਜੀ ਕ੍ਰਿਤ ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ, ਗੋਸ਼ਟਿ ਤੀਜੀ ।



Digitized by Panjab Digital Library | www.panjabdigilib.org

ਨਾਮ ਦੀ ਹੀ ਲਗਦੀ ਸੀ[1]। ਇਹ ਵੀ ਉਸ ਨੇ ਪਹਿਲੇ ਸਿੱਖ ਗੁਰੂਆਂ ਦੀ ਰੀਸ ਇਸੇ ਭਾਵ ਨਾਲ ਕੀਤੀ, ਤਾ ਕਿ ਸਾਰਾ ਸਿੱਖ ਪੰਥ ਉਸ ਦੀ ਪ੍ਰਭੁਤਾ ਹੇਠ ਆ ਜਾਵੇ[2]।

ਪੁਰਾਤਨ ਸਮੇਂ ਤੋਂ ਇਹ ਰਿਵਾਜ ਚਲਿਆ ਆ ਰਿਹਾ ਸੀ ਕਿ ਕਵੀ ਜਾਂ ਲੇਖਕ ਬੋਲਦੇ ਤੇ ਉਨ੍ਹਾਂ ਅੱਗੇ ਬੈਠੇ ਲਿਖਾਰੀ ਉਹੋ ਵਚਨ ਲਿਖਦੇ ਜਾਂਦੇ ਸਨ। ਵਜਾਸ ਜੀ ਨੇ ਮਹਾਭਾਰਤ ਇਸੇਤਰ੍ਹਾਂ ਗਣੇਸ਼ ਜੀ ਤੋਂ ਲਿਖਵਾਇਆ ਸ਼ੀ। (ਦੇਖੋ, ਆਦਿ ਪਰਬ, ਅਧਿਆਇ ਪਹਿਲਾ, ਸ਼ਲੋਕ ੭੭—੮੩) ਗੁਰੂ ਅੰਗਦ ਜੀ ਨੇ ਇਸੇਤਰ੍ਹਾਂ 'ਜਪੁ' (ਬਾਣੀ) ਨੂੰ ਤਰਤੀਬ ਦਿੱਤੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ (ਗੁਰੂ ਨਾਨਕ) ਭਾਈ ਪੈੜੇ ਮੋਖੇ ਤੋਂ ਲਿਖਵਾਈ, ਗੋਇੰਦਵਾਲ ਵਾਲੀਆਂ ਦੋਵੇਂ ਪੋਥੀਆਂ ਵੀ ਇਸੇਤਰ੍ਹਾਂ ਭਾਈ ਸਹੰਸ੍ਰ ਰਾਮ ਨੇ ਲਿਖੀਆਂ ਸਨ, ਗੁਰੂ ਅਰਜਨ ਨੇ ਏਕਣ ਹੀ ਚਾਰ ਲਿਖਾਰੀ-ਭਾਈ ਸੰਤ ਦਾਸ, ਹਰੀਆ, ਸੁੱਖਾ ਤੇ ਮਨਸ਼ਾ ਰਾਮ ਰੱਖ ਕੇ ਆਪਣੀ ਬਾਣੀ ਇਕਤ੍ਰ ਕੀਤੀ ਤੇ ਫੇਰ ਭਾਈ

---

[1] "ਮਿਹਰਵਾਨ ਪੁਤ੍ਰ ਪ੍ਰਿਥੀਏ ਦਾ ਕਵੀਸਰੀ ਕਰੇ।
ਪਾਰਸੀ ਹਿੰਦਵੀ ਸਹਸਕ੍ਰਿਤੀ ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤ ਬਣਾਈ।
ਭੋਗ ਗੁਰੂ ਨਾਨਕ ਜੀ ਦਾ ਹੀ ਪਾਈ ॥ ੯੦ ॥
ਡੂਮ ਲਗੇ ਸਬਦ ਮੀਣਿਆਂ ਦੇ ਗਾਵਣ।
ਦੂਆ ਦਰਬਾਰ ਗੁਰਿਆਈ ਦਾ ਲਗੇ ਬਣਾਵਣ।
ਮੀਣਿਆ ਭੀ ਇਕ ਗ੍ਰੰਥ ਲਣਾਇਆ।
ਚਹੁੰ ਪਾਤਸਾਹੀਆਂ ਦੇ ਸਬਦ ਬਾਣੀ ਵਿਚ ਲਿਖ ਪਾਇਆ ॥੯੧॥
(ਦੇਖੋ, ਬੰਸਾਵਲੀ ਨਾਮਾ, ਚਰਣ ਪੰਜਵਾਂ)

[2] ਸੋਢੀ ਮਿਹਰਵਾਨ ਨੇ ਏਥੇ ਹੀ ਬੱਸ ਨਹੀਂ ਕੀਤੀ, ਸਗੋਂ ਅੰਤ ਸਮੇਂ ਉਸ ਦੀ ਆਪਣੇ ਪੁਤ੍ਰ ਸੋਢੀ ਹਰਿ ਜੀ ਨੂੰ ਹਿਦਾਇਤ ਸੀ :

"ਤੇਰੀ ਬਾਣੀ ਭੀ ਬਹੁਤ ਹੋਵੇਗੀ, ਪਰ ਭੋਗੁ ਗੁਰੂ ਨਾਨਕ ਜੀ ਕਾ ਹੀ ਪਾਵਣਾ।" (ਗੋਸ਼ਟਿ ੪੪)



Digitized by Panjab Digital Library | www.panjabdigilib.org

ਗੁਰ ਦਾਸ ਤੋਂ ਇਸੇ ਤਰ੍ਹਾਂ 'ਸ੍ਰੀ ਆਦਿ ਗ੍ਰੰਥ' ਜੀ ਦੀ ਬੀੜ ਲਿਖਵਾਈ। ਸੋ ਇਸੇ ਪਰੰਪਰਾ ਨੂੰ ਸੋਢੀ ਮਿਹਰਵਾਨ ਨੇ ਵੀ ਆਪਣੀ ਬਾਣੀ ਤੇ ਗੱਦ-ਰਚਨਾ ਤਿਆਰ ਕਰਨ ਸਮੇਂ ਅਪਣਾਇਆ ਸੀ।

**ਲੇਖਕ, ਲਿਖਾਰੀ ਤੇ ਗ੍ਰੰਥ-ਰਚਨਾ**

ਸੋਢੀ ਹਰਿ ਜੀ ਦੇ ਕਥਨ ਅਨੁਸਾਰ ਸੋਢੀ ਮਿਹਰਵਾਨ ਪਾਸ ਬਾਣੀ, ਗੋਸ਼ਟਾਂ ਆਦਿ ਲਿਖਣ ਲਈ ਭਾਈ ਕੇਸ਼ੋ ਦਾਸ, ਸੁੰਦਰ ਦਾਸ, ਹਰਿ ਜੀ ਆਦਿ ਕਈ ਲਿਖਾਰੀ ਰੱਖੇ ਹੋਏ ਸਨ, ਜਿਵੇਂ 'ਸੋਢੀ ਮਿਹਰਵਾਨ ਜੀ ਕੀਆਂ ਗੋਸ਼ਟਾਂ' ਦੇ ਇਸ ਕਥਨ ਤੋਂ ਇਸ ਗੱਲ ਦੀ ਪੁਸ਼ਟੀ ਵੀ ਹੁੰਦੀ ਹੈ :-

"ਤਬ ਸ੍ਰੀ ਸਤਿਗੁਰੂ (ਮਿਹਰਵਾਨ) ਜੀ ਕਹਿਆ ਜੋ, "ਹਰਿ ਜੀ, ਤੂ ਕੇਸੋ ਦਾਸ ਨੂ ਪੁਛੁ, 'ਤੁਧਿ ਸਭ ਗੋਸਟਾਂ ਲਿਖੀਆਂ ਹੈਨ, ਏਸੁ ਅਖਰ—

'ਕਹਤੁ ਕਬੀਰੁ ਤੇਉ ਜਨ ਮੁਕਤੇ,
ਜਿਨਾ ਕਾਟੀ ਭ੍ਰਮ ਕੀ ਫਾਸੀ।'

ਕਾ ਅਰਥ ਕਿਉਂ ਕਰਿ ਹੈ ?" ਤਬ ਕੇਸੋ ਦਾਸਿ ਖੜੇ ਹੋਇ ਕਰਿ ਹਾਥ ਦੋਨੋ ਜੋੜ ਜੋੜਿ ਕਰਿ ਬੇਨਤੀ ਕਰੀ ਜੋ, "ਜੀ, ਬਲਿਹਾਰਿ ਜਾਉ ਗੁਰੁ ਦੇਉ ਜੀ, ਮੇਰੇ ਤਾਈ ਚਿਤਿ ਨਾਹੀ ਰਹਿਆ।" (ਗੋਸ਼ਟਿ ੪੩)

(ਹਰਿ ਜੀ ਪ੍ਰਤੀ ਮਿਹਰਵਾਨ ਜੀ ਦੇ ਵਚਨ) "ਬਚਾ ! ...ਜਬ ਜੰਗਲ ਮਹਿ ਜੋ ਸਬਦੁ ਹੋਦਾ ਅਰੁ ਤੂ ਲਿਖਦਾ ਜਾਂਦਾ ਹੁੰਦਾ ਸੀ ਅਰੁ ਕਦੇ ਕਦੇ ਸੁੰਦਰ ਦਾਸ ਭੀ ਲਿਖਦਾ ਹੁੰਦਾ ਸੀ ਅਰੁ ਤੂ ਨਿਤ ਹੀ ਲਿਖਦਾ ਹੁੰਦਾ ਸਹਿ ਤਦ ਭੀ ਤੁਧ ਨੂ ਮੇਰੇ ਵਚਨ ਹੋਏ ਸੇ ਜੋ 'ਤੇਰੀ ਬਾਣੀ ਭੀ ਬਹੁਤੁ ਹੋਵੈਗੀ, ਪਰ ਭੋਗੁ ਗੁਰੂ ਨਾਨਕ ਜੀ ਕਾ ਪਾਵਣਾ।" (ਗੋਸ਼ਟਿ ੪੪)

ਸੋਢੀ ਮਿਹਰਵਾਨ ਜੀ ਨੇ ਇਸਤਰ੍ਹਾਂ ਚੋਖੀ ਬਾਣੀ ਰਚੀ ਤੇ ਜੋ ਗ੍ਰੰਥ ਤਿਆਰ ਕੀਤੇ, ਉਹ ਦੋ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ—

**ਗੱਦ-ਪੱਦ ਰਚਨਾਵਾਂ**

(੧) ਬਾਣੀ (ਕਵਿਤਾ) ਜਾਂ ਪੱਦ ਰੂਪ ਗ੍ਰੰਥ, ਤੇ (੨) ਗੋਸ਼ਟਾਂ ਦੇ ਰੂਪ ਵਿਚ ਗੱਦ (ਵਾਰਤਕ ਅਥਵਾ ਨਸਰ) ਦੇ ਗ੍ਰੰਥ। ਸੋਢੀ ਮਿਹਰਵਾਨ ਜੀ ਬਾਣੀ ਰੂਪ ਕਵਿਤਾ ਵਿਚ



Digitized by Panjab Digital Library | www.panjabdigilib.org

ਆਪਣੀ ਕਵੀ-ਛਾਪ ਪਹਿਲੇ ਸਿੱਖ ਗੁਰੂਆਂ ਵਾਂਗੁ 'ਨਾਨਕ ਦਾਸ'[1], ਵਰਤਦੇ ਸਨ। ਇਹੋ ਤਰੀਕਾ ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਦੇ ਪੁਤ੍ਰ ਸੋਢੀ ਹਰਿ ਜੀ ਨੇ ਵੀ ਅਪਣਾਇਆ ਸੀ।

**ਪੱਦ-ਰਚਨਾ**

ਸੋਢੀ ਮਿਹਰਵਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਾਂਗੁ ਵੱਖੋ ਵੱਖ ਰਾਗ-ਰਾਗਣੀਆਂ ਵਿਚ ਹੈ, ਜਿਸ ਵਿਚ ਕਈ ਥਾਵੇਂ ਮਹਲਾ ੧ ਵੀ ਲਿਖਿਆ ਮਿਲਦਾ ਹੈ ਤੇ ਕਈ ਥਾਵੇਂ ਮਹਲਾ ੭, ਤੇ ਨਮੂਨੇ ਵਜੋਂ ਉਨ੍ਹਾਂ ਦੀ ਬਾਣੀ ਦੇ ਦੋ ਪ੍ਰਮਾਣ ਇਹ ਹਨ :—

(੧) ਰਾਗ ਸੋਰਠਿ ਮਹਲਾ ੧ :

'ਗੁਰੁ ਕਾ ਸਬਦ ਰਖਵਾਰੇ, ਏਤਿ ਘਰਿ ਗਾਵਣਾ।<br>
ਤੁਮ ਤੋ ਹੋ ਅੰਤਰਜਾਮੀ।<br>
ਖਾਣੇ ਕਉ ਦੇਹਿ ਸੁਆਮੀ।<br>
ਆਟਾ ਚਾਵਲਿ ਘੀਓ।<br>
ਜਿਤੁ ਖੁਸੀ ਹੋਵੈ ਮੇਰਾ ਜੀਓ[2] ॥੧॥<br>
ਮਾਧੋ ਜੀ, ਪ੍ਰੀਤਿ ਲਗੀ ਸੰਗਿ ਤੇਰੇ।<br>
ਅਬਿ ਆਸਿ ਭਈ ਮਨਿ ਮੇਰੇ ॥ ਰਹਾਉ ॥<br>
ਦਾਲਿ ਲੋਣਿ ਵਿਸਾਰਾ।<br>
ਖੀਰ ਖਾਵੈ ਸੰਤੁ ਤੁਮਾਰਾ।<br>
ਦੋਊ ਵਾਰਿ ਖਿਲਾਈਐ।

---

[1]ਸੋਢੀ ਹਰਿ ਜੀ ਦੀ 'ਕਵਿ-ਛਾਪ' ਅਥਵਾ ਤਖ਼ੱਲੁਸ 'ਨਾਨਕ ਜਨ' ਕਈ ਥਾਵੇਂ ਲਿਖਿਆ ਮਿਲਦਾ ਹੈ।

[2]ਜੇ ਮੁਕਾਬਲਾ ਕਰ ਕੇ ਦੇਖੀਏ ਤਾਂ ਇਹ ਸ਼ਬਦ ਭਗਤ ਧੰਨੇ ਦੇ ਰਾਗ ਧਨਾਸਰੀ "ਗੋਪਾਲ ਤੇਰਾ ਆਰਤਾ।... ਦਾਲਿ ਸੀਧਾ ਮਾਂਗਉ ਘੀਉ। ਹਮਰਾ ਖੁਸੀ ਕਰੈ ਨਿਤ ਜੀਉ।" ਦੀ ਸਾਫ਼ ਨਕਲ ਜਾਪਦਾ ਹੈ।



Digitized by Panjab Digital Library | www.panjabdigilib.org

ਜਨੁ ਅਪਨੀ ਸੇਵਾ ਲਾਈਐ ॥ ੨ ॥...
ਤੇਰਾ ਨਾਨਕੁ ਦਾਸੁ ਵਿਚਾਰਾ ।
ਖਸਮਾਨਾ ਕਰਹੁ ਹਮਾਰਾ ।...॥੭॥

(੨) ਸ੍ਰੀ ਰਾਗ ਮਹਲਾ ੭ :

ਮਨ ਰੇ, ਸਭਿ ਸੁਖ ਸਤਿਗੁਰ ਪਾਸਿ ।
ਹੋਵੈ ਜਨਮ ਸਕਾਰਥਾ,
ਕਾਰਜ ਆਵਹਿ ਰਾਸਿ ॥ ਰਹਾਉ ॥
ਬਿਨੁ ਤੁਧੁ ਹਮਰਾ ਕੋ ਨਹੀ,
ਤਾਕੀ ਤਉ ਸਰਨਾਇ ।
ਰਾਖਹੁ ਨਾਨਕ ਦਾਸ ਕਉ,
ਅਪਨਾ ਨਾਮ ਜਪਾਇ ॥ ੪ ॥

ਇਸ ਤੋਂ ਬਿਨਾ ਸੋਢੀ ਮਿਹਰਵਾਨ ਜੀ ਨੇ ਕੁਝ ਵਾਰਾਂ ਵੀ ਲਿਖੀਆਂ ਸਨ । ਜਿਵੇਂ—ਵਾਰ ਪੀਰਾਂ ਕੀ, ਰਾਗ ਬਿਲਾਵਲ ਮਹਲਾ ੭, ਰਾਗ ਤਿਲੰਗ ਦੀ ਵਾਰ ਆਦਿ ।

ਪੰਜਾਬੀ ਗੱਦ-ਰਚਨਾ ਵਿਚ ਸੋਢੀ ਮਿਹਰਵਾਨ ਦਾ ਦਰਜਾ ਭਾਈ ਬਾਲੇ ਦੀ ਜਨਮ ਸਾਖੀ ਅਥਵਾ ਪੁਰਾਤਨ ਜਨਮ ਸਾਖੀ ਗੁਰੂ ਨਾਨਕ ਤੋਂ ਬਾਦ ਆਉਂਦਾ ਹੈ । ਸੋਢੀ ਹੋਰਾਂ ਪੰਜਾਬੀ ਗੱਦ ਵਿਚ ਜੋ ਰਚਨਾਵਾਂ ਤਿਆਰ ਕੀਤੀਆਂ ਸਨ, ਉਹ ਧਾਰਮਿਕ ਤੇ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਕ੍ਰਮ ਅਨੁਸਾਰ ਇਸਤਰ੍ਹਾਂ ਹਨ : (੧) ਹਿੰਦੂ ਧਰਮ ਸੰਬੰਧੀ ਰਚਨਾਵਾਂ — ਆਦਿ ਰਾਮਾਇਣ, ਕ੍ਰਿਸ਼ਨ ਚਰਿਤ੍ਰ, ਆਦਿ ਮਹਾ ਭਾਰਤ, ਦਸ ਅਵਤਾਰ ਚਰਿਤ੍ਰ, ਗੋਸ਼ਟਿ ਸ੍ਰੀ ਠਾਕੁਰ ਊਧਉ ਜੀ ਕੀ, ਗੋਸ਼ਟਿ ਨਿਹਕਲੰਕੀ ਅਵਤਾਰ ਕੀ, ਆਦਿ । (੨)ਜੋਗ ਮਤ ਸੰਬੰਧੀ ਰਚਨਾਵਾਂ— ਗੋਸ਼ਟਿ ਸ੍ਰੀ ਗੋਰਖ ਨਾਥ ਕੀ, ਗੋਸ਼ਟਿ ਗੋਰਖ-ਵਜਾਸ ਕੀ, ਗੋਸ਼ਟਿ ਗੋਪੀ ਚੰਦ



Digitized by Panjab Digital Library | www.panjabdigilib.org

ਮੈਣਾਵੰਤੀ ਕੀ, ਆਦਿ ਕਥਾ ਰਾਜੇ ਭਰਥਰੀ ਤਥਾ ਬਿਕ੍ਰਮਾਜੀਤ ਕੀ, ਕਥਾ ਆਦਿ ਨਿਰੰਜਨ ਕਰਤਾ ਪੁਰਖ ਕੀ, ਦਸ ਅਖਾਣ ਜੋਗ ਕੇ, ਖਿੰਥੜ ਪ੍ਰਬੰਧ, ਗੋਸ਼ਟਿ ਗੁਸਾਈ ਗੋਰਖ ਨਾਥ ਕੀ ਆਦਿ। ਭਗਤੀ ਲਹਿਰ ਸੰਬੰਧੀ ਰਚਨਾਵਾਂ — ਗੋਸ਼ਟਿ ਗੁਸਾਈ ਕਬੀਰ ਜੀਉ ਕੀ, ਕਥਾ ਨਾਮ ਦੇਉ ਕੀ ਕਥਾ ਗੋਸਾਈ ਰਵਿਦਾਸ ਕੀ, ਗੋਸ਼ਟਿ ਗੁਸਾਈ ਧੰਨੇ ਕੀ, ਗੋਸ਼ਟਿ ਬੇਣੀ ਭਗਤ ਕੀ, ਗੋਸ਼ਟਿ ਸੂਰ ਦਾਸ ਕੀ, ਗੋਸ਼ਟਿ ਸਧਨੇ ਕਸਾਈ ਕੀ, ਗੋਸ਼ਟਿ ਨਾਮੇ--ਤ੍ਰਿਲੋਚਨ ਕੀ (ਪਹਿਲੀ), ਗੋਸ਼ਟਿ ਨਾਮ ਦੇਵ ਤਥਾ ਤ੍ਰਿਲੋਚਨ ਕੀ (ਦੂਜੀ), ਕਥਾ ਧੰਨੇ ਕੇ ਜਨਮ ਕੀ ਆਦਿ। (੪) ਇਸਲਾਮ ਸੰਬੰਧੀ ਰਚਨਾਵਾਂ--ਆਦਿ ਕਥਾ ਹਜ਼ਰਤਿ ਮੁਹੰਮਦ ਸਾਹਿਬ ਕੀ, ਕਥਾ ਹਜ਼ਰਤ ਰਸੂਲ ਕੀ, ਗੋਸ਼ਟਿ ਪੀਰੀ ਮੁਰੀਦੀ ਕੀ, ਗੋਸ਼ਟਿ ਸ਼ੇਖ਼ ਫਰੀਦ ਕੀ, ਗੋਸ਼ਟਿ ਮਾਰਫ਼ਤ ਕੀ, ਮਸਲਾ ਹਸਨ ਹੁਸੈਨ ਕਾ, ਕਥਾ ਬਾਬੇ ਆਦਮ ਮਸਫ਼ੀ ਕੀ, ਗੁਫ਼ਤਾਰ ਸਾਦਕਾਂ ਕੀ, ਕਿੱਸਾ ਸੁਲੇਮਾਨ ਪਿਕੰਬਰ ਕਾ, ਬੀਚਾਰ ਫ਼ਕੀਰਾਂ ਕਾ ਆਦਿ। (੫) ਅਧਿਆਤਮਕ ਰਚਨਾਵਾਂ—ਗੁਰ ਉਪਦੇਸ਼, ਚਾਰ ਬਾਤਾਂ ਆਤਮੇ ਪਰਮਾਤਮੇ ਕੀਆਂ, ਗੋਸ਼ਟਿ ਜੋ ਬ੍ਰਹਮੰਡੇ ਸੋਈ ਪਿੰਡੇ, ਚਾਰ ਮਹਲ ਆਤਮਾ ਕੇ, ਜੋਗ ਕੀ ਕਥਾ ਆਦਿ। (੬) ਸਿੱਖ-ਇਤਿਹਾਸ ਸੰਬੰਧੀ ਰਚਨਾਵਾਂ— ਗੋਸ਼ਟਾਂ ਗੁਰੂ ਨਾਨਕ ਜੀ ਕੀਆਂ, ਗੋਸ਼ਟਾਂ ਗੁਰੂ ਅੰਗਦ ਜੀ ਕੀਆਂ, ਗੋਸ਼ਟਾਂ ਗੁਰੂ ਅਮਰ ਦਾਸ ਜੀ ਕੀਆਂ, ਗੋਸ਼ਟਿ ਕਾਨ੍ਹੇ ਭਗਤ ਕੀ ਆਦਿ। (੭) ਗੁਰਬਾਣੀ ਦੇ ਟੀਕੇ— ਜਪੁਜੀ, ਸੋਦਰ (ਰਹਿਰਾਸ), ਸੋਹਿਲਾ, ਦਖਣੀ ਓਅੰਕਾਰ (ਰਾਗ ਰਾਮਕਲੀ), ਸਿੱਧ ਗੋਸ਼ਟਿ ਆਦਿ।

ਸੋਢੀ ਮਿਹਰਵਾਨ ਦੀਆਂ ਗੱਦ-ਰਚਨਾਵਾਂ

ਇਨ੍ਹਾਂ ਤੋਂ ਬਿਨਾ ਸਿੰਘਾਸਨ ਬਤੀਜੀ, ਪੰਜਾਬੀ ਸ਼ਬਦ-ਕੋਸ਼ ਨਾਮੀ ਦੋ ਰਚ-ਨਾਵਾਂ ਹੋਰ ਵੀ ਇਨ੍ਹਾਂ ਦੀਆਂ ਮੇਰੇ ਦੇਖਣ-ਸੁਣਨ ਵਿਚ ਆਈਆਂ ਹਨ। ਆਦਿ ਰਾਮਾਇਣ ਤੇ ਸਿੰਘਾਸਨ-ਬਤੀਸੀ ਦਾ ਲਿਖਣ-ਢੰਗ ਸੋਢੀ ਹੋਰਾਂ ਦੀਆਂ ਹੋਰ ਰਚਨਾਵਾਂ ਨਾਲ ਮਿਲਦਾ-ਜੁਲਦਾ ਹੀ ਹੈ ਤੇ ਹਰੇਕ ਕਥਾ ਦੇ ਅੰਤ ਉਸ ਦਾ ਸਾਰ ਇਕ ਇਕ ਸ਼ਲੋਕ ਵਿਚ ਦਿੱਤਾ ਹੈ। ਠੀਕ

ਪੰਜਾਬੀ ਸ਼ਬਦ-ਕੋਸ਼ ਤੇ ਸਿੰਘਾਸਨ ਬਤੀਸੀ



Digitized by Panjab Digital Library | www.panjabdigilib.org

ਉਸੇ ਤਰ੍ਹਾਂ ਜਿਸ ਤਰ੍ਹਾਂ ਜਨਮ ਸਾਖੀ ਗੁਰੂ ਨਾਨਕ ਵਿਚ ਹਰੇਕ ਸਾਖੀ ਦੇ ਅੰਤ ਉਸ ਦਾ ਸਾਰ ਇਕ ਇਕ ਸ਼ਲੋਕ ਵਿਚ ਦਿੱਤਾ ਹੋਇਆ ਹੈ।

## ੮. ਗੋਸ਼ਟਿ ਅਥਵਾ ਜਨਮ ਸਾਖੀ ਗੁਰੂ ਨਾਨਕ ਜੀ ਕੀ

ਸੋਢੀ ਮਿਹਰਵਾਨ ਜੀ ਕ੍ਰਿਤ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਜਨਮ ਸਾਖੀ, ਜੋ ਖ਼ਾਲਸਾ ਕਾਲਜ ਅਮ੍ਰਿਤਸਰ, ਵਲੋਂ ਛਪ ਚੁਕੀ ਹੈ, ਇਸ ਸੰਬੰਧ ਵਿਚ ਇਕ ਸਭ ਤੋਂ ਅੱਛੀ ਕ੍ਰਿਤਿ ਕਹੀ ਜਾ ਸਕਦੀ ਹੈ। ਇਹ ਇਸ ਲਈ ਕਿ ਇਸ ਜਨਮ ਸਾਖੀ ਦੀਆਂ ਭਾਵੇਂ ਦੋ ਹੀ ਜਿਲਦਾਂ ਛਪੀਆਂ ਹਨ, ਪਰ ਇਸੇ ਤਰ੍ਹਾਂ ਜੇ ਇਹ ਜਨਮ ਸਾਖੀ ਮੁਕੰਮਲ ਛਾਪੀ ਜਾਵੇ ਤਾਂ ਇਸ ਦੀਆਂ ਦੋ ਜਿਲਦਾਂ ਹੋਰ ਬਣਨ ਦੀ ਆਸ ਹੈ। ਇਹ ਜਨਮ ਸਾਖੀ ਸੋਢੀ ਮਿਹਰਵਾਨ ਜੀ ਨੇ ਕਦ ਤਿਆਰ ਕੀਤੀ ਤੇ ਭਗਤਾਂ ਦੀਆਂ ਗੋਸ਼ਟਾ ਕਦ ਲਿਖੀਆਂ ਗਈਆਂ, ਇਸ ਬਾਰੇ ਸੋਢੀ ਹਰਿ ਜੀ ਇਕ ਥਾਵੇਂ ਇਸ ਤਰ੍ਹਾਂ ਲਿਖਦੇ ਹਨ :—

**ਇਸ ਜਨਮ ਸਾਖੀ ਦਾ ਸਮਾਂ**

"ਸਭਨਾਂ ਭਗਤਾਂ ਕੀਆਂ ਗੋਸਟੀ ਗੁਰੂ ਸਾਹਿਬੁ (ਪ੍ਰਿਥੀ ਚੰਦ) ਸਲਾਮਤਿ ਹੋਦੇ ਹੀ ਹੋਈਆਂ ਥੀਆਂ, ਅਰੁ ਨੰਗਲੁ ਸਹਰੁ ਸਾਡੇ ਧਉਲੇ ਵਿਚਿ, ਚਉਬਾਰੇ ਕੇ ਉਪਰਿ ਗੋਸਟੀ ਕਾ ਆਰੰਭ ਹੋਇਆ ਥਾ। ਤਬ ਆਦਿ ਹੀ ਕਬੀਰ ਗੁਸਾਈ ਕੀਆਂ ਗੋਸਟਾਂ ਭਈਆਂ ਥੀਆਂ, ਤਿਸੁ ਪੀਛੇ ਅਉਰੁ ਸਭੁ ਗੋਸਟੀ ਹੋਈਆਂ। ਬਾਣੀ ਕਾ ਅਰਥੁ ਗੁਰੂ ਬਾਬੇ ਨਾਨਕ ਜੀ ਕੇ ਬਚਨਿ ਕਰਿ ਕਰਿ ਹੋਇਆ। ਜੋ ਕਛੁ ਵੇਦੁ ਪੁਰਾਣੁ ਕੀ ਬਾਤਿ ਥੀ, ਸੋ ਸਭੁ ਬਾਣੀ ਕੇ ਅਰਥ ਮਹਿ ਪਰਗਟਿ ਕਰਿ ਦਿਖਲਾਈ, ਅਰੁ ਸਭਨਾਂ ਗੁਰਾਂ ਕੇ ਅਰੁ ਸਭਨਾਂ ਭਗਤਾਂ ਕੇ ਸਬਦੁ ਜਿਤੁ ਕਿਤੁ ਪਰਥਾਇ ਭਏ ਥੇ ਸੋ ਸਭਿ ਕਹਿ ਸਮਝਾਇਆ ਅਰੁ ਪਿਛਲੇ ਭਗਤਾਂ ਕੇ ਜਨਮੁ ਪਰਗਟਿ ਕੀਏ ਅਰੁ ਸ੍ਰੀ ਸਤਿਗੁਰੂ ਮਿਹਰਿਵਾਨ ਤ੍ਰਿਕਾਲ ਗਿਆਨੀ ਸਭਨਾ ਕੇ ਜਨਮੁ ਕਰਮੁ ਐਸੇ ਕਰਿ ਜਾਨੈ ਜੈਸੇ ਆਰਸੀ ਮਹਿ ਮੁਖੁ ਦੇਖੀਤਾ ਹੈ, ਅਰੁ ਮੁਖ

**ਤੇ ਸੋਢੀ ਹਰਿ ਜੀ ਦੀ ਗਵਾਹੀ**



Digitized by Panjab Digital Library | www.panjabdigilib.org

ਤੇ ਕਹੈ ਨਾਹੀ, ਅਰੁ ਬਾਣੀ ੭ ਸਤਿਵੈ ਮਹਲੁ ਬਹੁਤੁ ਕਰਿ ਕਰਿ ਭਈ।"

(ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ, ਗੋਸ਼ਟਿ ੪੨)

ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਭਗਤਾਂ ਦੀਆਂ ਗੋਸ਼ਟਾਂ ਪ੍ਰਿਥੀ ਚੰਦ ਦੇ ਸਮੇਂ ਵਿਚ ਪਹਿਲਾਂ ਹੀ ਲਿਖੀਆਂ ਗਈਆਂ ਸਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਰੂਪ ਇਹ ਗੋਸ਼ਟਿ-ਸੰਗ੍ਰਹ ਉਸ ਤੋਂ ਪਿੱਛੋਂ ਤਿਆਰ ਹੋਇਆ ਸੀ।

### ਗੁਰ-ਇਤਿਹਾਸ ਦੀ ਸੰਭਾਲ ਲਈ ਭਾ: ਗੁਰਦਾਸ ਤੇ ਭਾਈ ਮਨੀ ਸਿੰਘ ਦੇ ਪ੍ਰਯਤਨ

ਸਿੱਖਾਂ ਵਿਚ ਇਸ ਜਨਮ ਸਾਖੀ ਬਾਰੇ ਕਹਾਉਤ ਹੈ ਕਿ ਸੋਢੀ ਮਿਹਰਵਾਨ ਨੇ ਇਸ ਦੀ ਰਚਨਾ ਕਰ ਕੇ ਗੁਰੂ ਨਾਨਕ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਮਨਮਤ ਦੇ ਸੰਚੇ ਵਿਚ ਢਾਲਿਆ ਤੇ ਗੁਰਬਾਣੀ ਦੇ ਉਲਟੇ ਪੁਲਟੇ ਅਰਥ ਕਰ ਕੇ ਉਸ ਨੇ ਨਾਲ ਆਪਣੇ 'ਮੀਣਾ-ਮਤ' ਦੀ ਪੁਸ਼ਟੀ ਕੀਤੀ ਹੈ। ਸੋਢੀ ਮਿਹਰਵਾਨ ਜੀ ਪ੍ਰਿਥੀ ਚੰਦ ਦੇ ਇਸ਼ਾਰੇ ਨਾਲ ਜਦ ਅਜਿਹੀਆਂ ਲਿਖਤਾਂ ਤਿਆਰ ਕਰ ਰਹੇ ਸਨ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ-ਪੰਥ ਨੂੰ ਉਨ੍ਹਾਂ ਦੀ ਇਸ ਦਸਤ ਬੁਰਦ ਤੋਂ ਬਚਾਉਣ ਤੇ ਗੁਰਬਾਣੀ ਨਿਆਰੀ ਰੱਖਣ ਲਈ 'ਸ੍ਰੀ ਆਦਿ ਗ੍ਰੰਥ ਜੀ' ਦੀ ਬੀੜ ਰਚ ਕੇ ਤਿਆਰਕੀਤੀ ਤੇ 'ਜਨਮ ਸਾਖੀ ਗੁਰੂ ਨਾਨਕ' ਦੇ ਬਚਾਉ ਵਾਸਤੇ ਭਾਈ ਗੁਰਦਾਸ ਨੇ ਉਨ੍ਹਾਂ ਦੇ ਕਹਿਣ ਤੇ 'ਵਾਰਾਂ ਗਯਾਨ ਰਤਨਾਵਲੀ' ਦੀ ਪਹਿਲੀ ਵਾਰ ਲਿਖ ਦਿੱਤੀ[1]। ਸੋ ਇਸਤਰ੍ਹਾਂ ਗੁਰ-ਇਤਿਹਾਸ ਦਾ ਕਿਸੇ ਹੱਦ ਤਕ ਬਚਾਉ ਹੋ ਗਿਆ।

---

[1]"ਇਕ ਸਮੇਂ ਭਾਈ ਮਨੀ ਸਿੰਘ ਜੀ ਥੀਂ ਸਿਖਾਂ ਪ੍ਰਸਨੁ ਕੀਤਾ ਜੋ, 'ਗੋਸਟਿ ਜਨਮ ਸਾਖੀ ਪਹਲੀ ਪਾਤਸਾਹੀ' ਹੈ ਉਸ ਵਿਚ 'ਛੋਟੇ ਮੇਲ' ਵਾਲਿਆਂ ਕੇਈ ਅਜੁਗਤਾਂ ਅਣ-ਬਣਦੀਆਂ ਪਾਇ ਦਿਤੀਆਂ ਹੈਨਿ ਜਿਸ ਨੋ ਸੁਣਿ ਕੇ ਸਿਖਾਂ ਦਾ ਸਿਦਕੁ ਗੁਰੂ ਵਲੋਂ ਘਟਿ ਜਾਂਦਾ ਹੈ। ਜੈਸੇ ਦੁਧ ਮੋਂ ਪਾਣੀ ਰਲਾਇ ਦਿਚੇ ਅਤੇ ਹੰਸ ਉਸ ਕੋ ਭਿੰਨ ਭਿੰਨ ਕਰਿ ਲੈਂਦਾ ਹੈ ਤੈਸੇ ਤੁਸੀਂ ਮਹਾਂ ਹੰਸ ਹੋ, ਕ੍ਰਿਪਾ ਕਰਿ ਕੇ ਗੁਰੂ ਕੇ ਬਚਨ ਤੇ ਮੀਣਿਆਂ ਦੇ ਬਚਨ ਭਿੰਨ ਭਿੰਨ ਕਰਿ ਦੇਹੋ।' ਤਾਂ

(ਬਾਕੀ ਫੁੱਟਨੋਟ ਦੇਖੋ ਸਫ਼ਾ ੮੨ ਤੇ)



Digitized by Panjab Digital Library | www.panjabdigilib.org

ਪਿੱਛੋਂ ਸ੍ਰੀ ਗੁਰੂ ਗੋਬਿਦ ਸਿਘ ਜੀ ਦੇ ਸਮੇਂ ਵਿਚ ਭਾਈ ਮਨੀ ਸਿੰਘ ਹੋਰਾਂ ਸਿੱਖਾਂ ਦੇ ਕਹਿਣ ਤੇ ਉੱਦਮ ਕਰ ਕੇ ਭਾਈ ਗੁਰਦਾਸ ਦੀ ਪਹਿਲੀ ਵਾਰ[1] ਦਾ 'ਜਨਮਸਾਖੀ ਗੁਰੂ ਨਾਨਕ' ਨਾਂ ਹੇਠ ਤੇ ਗਿਆਰ੍ਹਵੀਂ ਵਾਰ ਦਾ 'ਗੁਰ ਸਿੱਖਾਂ ਦੀ ਭਗਤ ਮਾਲ' ਦੇ ਰੂਪ ਵਿਚ ਟੀਕਾ ਕਰ ਕੇ ਸਿੱਖ-ਇਤਿਹਾਸ ਨੂੰ ਹੋਰ ਵੀ ਸੁਰੱਖਿਅਤ ਕਰ

---

(ਸਫ਼ਾ ੯੧ ਦੇ ਫੁੱਟਨੋਟ ਦੀ ਬਾਕੀ)

ਭਾਈ ਮਨੀ ਸਿੰਘ ਜੀ ਬਚਨੁ ਕੀਤਾ, ਜਿਸ ਸਮੇਂ ਪੰਜਵੇਂ ਪਾਤਿਸਾਹ ਸ੍ਰੀ ਗਿਰੰਥ ਜੀ ਦੀ ਮਿਰਜਾਦ ਕੀਤੀ ਹੈ ਤਿਸ ਸਮੇ ਸਿਖਾਂ ਅਰਦਾਸਿ ਕੀਤੀ ਜੋ, "ਗੋਸਟਾਂ ਦੀ ਮਿਰਜਾਦਾ ਤਾਂ ਕੋਈ ਹੋਈ ਨਹੀਂ, ਮਤ 'ਪੰਜਾਂ ਮੇਲਾਂ' ਵਾਲੇ ਜਨਮ ਸਾਖੀ ਵਿਚਿ ਅਜੁਗਤਾਂ ਪਾਇ ਕੇ ਸਿਖਾਂ ਨੂੰ ਭਰਮਾਇ ਦੇਂਦੇ ਹੋਵਨਿ।" ਤਾਂ ਭਾਈ ਗੁਰਦਾਸ ਜੀ ਨੂ ਬਚਨੁ ਹੋਆ, "ਤੁਸਾਂ ਜਨਮ ਸਾਖੀ ਦੀ ਇਕ ਵਾਰ ਕਰਨੀ ਹੈ। ਸੋ ਗੁਰੂ ਦੇ ਸਿਖ ਉਸ ਵਾਰ ਦੇ ਅਨੁਸਾਰ ਜੋ ਸਾਖੀ ਹੋਵੇਗੀ ਉਸ ਨੋ ਸੁਣਨਿ ਪੜ੍ਹਨਿਗੇ।"

(ਦੇਖੋ, ਜਨਮ ਸਾਖੀ ਗੁਰੂ ਨਾਨਕ ਦੇਵ ਜੀ, ਕ੍ਰਿਤ ਭਾਈ ਮਨੀ ਸਿੰਘ)

[1]"ਤਾਂ ਫੇਰ ਸਿਖਾਂ ਕਹਿਆ, "ਉਹ (ਭਾਈ ਗੁਰਦਾਸ ਦੀ ਪਹਿਲੀ ਵਾਰ) ਤਾਂ ਸਾਖੀ ਸੂਚਨਾ ਕੀਤੀ ਹੋਈ ਹੈ। ਤੁਸੀਂ ਕ੍ਰਿਪਾ ਕਰਿ ਉਸ ਦਾ ਟੀਕਾ ਵਿਸਥਾਰ ਨਾਲਿ ਕਰਿ ਦੇਵੋ ਜੋ ਸਿਖਾਂ ਨੋ ਸੁਣਿ ਕੇ ਸਰਧਾ ਉਪਜੈ।" ਤਾਂ ਭਾਈ ਮਨੀ ਸਿੰਘ ਜੀ ਕਹਿਆ, "ਮੈਂ... ਭਾਈ ਗੁਰਦਾਸ ਦੀ ਵਾਰ ਕੋ ਮੁਖ ਰਖ ਕੇ ਉਸ ਦੇ ਅਨੁਸਾਰ, ਤੇ ਜੋ ਦਸਵੀਂ ਪਾਤਿਸਾਹੀ ਦੇ ਦਰਬਾਰ ਥੀਂ ਸਾਖੀਆਂ ਸੁਣੀਆਂ ਹੈਨਿ ਸੋ ਉਨ੍ਹੀਂ ਦੇ ਅਨੁਸਾਰ ਜੋ ਮੇਰੀ ਤੁਛ ਬੁਧਿ ਮੈਂ ਆਂਵਦਾ ਹੈ ਸੋ ਮੈਂ ਤੁਸਾਡੇ ਅਗੇ ਟੀਕਾ ਕਰਿ ਸੁਣਾਵਦਾ ਹਾਂ।"

(ਦੇਖੋ, ਜਨਮ ਸਾਖੀ ਗੁਰੂ ਨਾਨਕ ਦੇਵ ਜੀ, ਕ੍ਰਿਤ ਭਾਈ ਮਨੀ ਸਿੰਘ)



Digitized by Panjab Digital Library | www.panjabdigilib.org

ਦਿਤਾ[1] ।

ਸੋਢੀ ਮਿਹਰਵਾਨ ਦੀ ਜਨਮ ਸਾਖੀ ਗੁਰੂ ਨਾਨਕ ਦਾ ਜੇ ਭਾਈ ਬਾਲੇ ਦੀ ਜਨਮ ਸਾਖੀ ਨਾਲ ਟਾਕਰਾ ਕੀਤਾ ਜਾਵੇ ਤਾਂ ਜ਼ਮੀਨ-ਅਸਮਾਨ ਦਾ ਫ਼ਰਕ ਨਜ਼ਰ ਆਉਂਦਾ ਹੈ । ਵਿਲਾਇਤ ਵਾਲੀ ਸਾਖੀ ਜਾਂ ਉਸੇ ਦਾ ਕੁਝ ਪ੍ਰਤੀ ਰੂਪ ਮਕਾਲਿਫ਼ ਵਾਲੀ ਪੁਰਾਤਨ ਜਨਮਸਾਖੀ ਵਿਚ ਕੇਵਲ ੫੭ ਸਾਖੀਆਂ ਹਨ ਤੇ ਇਨ੍ਹਾਂ ਦੇ ਮੁਕਾਬਲੇ ਤੇ ਭਾਈ ਬਾਲੇ ਦੀ ਸਾਖੀ ਦੇ ਵੱਖੋ ਵੱਖ ਨੁਸਖਿਆਂ ਵਿਚ ਇਹ ਸਾਖੀਆਂ ੯੬--੯੭ ਤੋਂ ਸ਼ੁਰੂ ਹੋ ਕੇ ਦੋ-ਢਾਈ ਸੌ ਤਕ ਜਾ ਪੁਜਦੀਆਂ ਹਨ । ਭਾਈ ਮਨੀ ਸਿੰਘ ਦੀ 'ਜਨਮ ਸਾਖੀ ਗੁਰੂ ਨਾਨਕ ਦੇਵ' ਵਿਚ ਕੁੱਲ ਸਾਖੀਆਂ ੨੦੦ ਤੋਂ ਕੁਝ ਉੱਪਰ ਹਨ । ਸੋਢੀ ਮਿਹਰਵਾਨ ਨੇ ਤਾਂ ਭਾ: ਬਾਲੇ ਦੀ ਜਨਮ ਸਾਖੀ ਤੋਂ ਇਸ ਦੌੜ ਵਿਚ ਮੀਰੀ ਹੀ ਰਹਿਣਾ ਹੋਇਆ, ਇਸ ਲਈ ਉਸ ਦੀ ਇਸ ਜਨਮ ਸਾਖੀ ਵਿਚ, ਗੁਰੂ ਨਾਨਕ ਦੀਆਂ ਕੁੱਲ ਸਾਖੀਆਂ ਦੀ ਗਿਣਤੀ, ਜੋ ਗੋਸ਼ਟਾਂ ਦੇ ਰੂਪ ਵਿਚ ਹਨ, ੫੭੫ ਹੈ ।

### ਵੱਖੋ ਵੱਖ ਸਾਖੀਆਂ ਤੇ ਉਨ੍ਹਾਂ ਦੇ ਭੇਦ

ਜਿਸ ਹੱਥ-ਲਿਖਿਤ ਪ੍ਰਤੀ ਤੋਂ ਇਸ ਪੁਸਤਕ ਦਾ ਉਤਾਰਾ ਲਿਆ ਗਿਆ ਹੈ, ਉਹ ਸੰਮਤ ੧੮੮੫ ਬਿ: ਦੀ ਲਿਖੀ ਹੋਈ ਹੈ ਤੇ ਉਸ ਦੇ ਅੰਤ ਵਿਚ ਇਨ੍ਹਾਂ ਸਾਖੀਆਂ ਨੂੰ ਸਥਾਨ ਤੇ ਲਿਖਾਰੀਆਂ ਦੇ ਨਾਮ-ਕ੍ਰਮ ਦੇ ਅਨੁਸਾਰ ਏਕਣ ਛੇ ਭਾਗਾਂ ਵਿਚ ਵੰਡਿਆ ਹੈ :—

---

[1] "ਸਿੱਖਾਂ ਨੇ ਅਰਦਾਸ ਕੀਤੀ, 'ਜੋ ਗੋਸਟਾਂ ਅਗੇ ਹੋਈਆਂ ਹੈਨਿ ਜੋ 'ਛੋਟੇ ਮੇਲ' ਵਾਲਿਆਂ ਨੇ ਗੋਸਟਾਂ ਵਿਚ ਆਪਣੇ ਮਤ ਦੀਆਂ ਬਾਤਾਂ ਲਿਖ ਛੋੜੀਆਂ ਹੈਨ...।" ਤਾਂ ਭਾਈ ਮਨੀ ਸਿੰਘ ਜ਼ੀ ਬਚਨ ਕੀਤਾ, "ਇਸ ਗੋਸਟਿ ਦੇ ਭੋਗ ਤੇ ਮੁੰਦਾਵਣੀ ਲਿਖਦੇ ਹਾਂ ਭੇ ਸਾਖੀਆਂ ਸਭ ਗਿਣ ਛੋਡਦੇ ਹਾਂ । ਏਨ੍ਹਾਂ ਸਾਖੀਆਂ ਥੀਂ ਬਿਨਾ ਹੋਰ ਸਾਖੀ ਕੋਈ ਲਿਖੇ ਨਹੀਂ । (ਦੇਖੋ, ਗੁਰ ਸਿੱਖਾਂ ਦੀ ਭਗਤ ਮਾਲ, ਕ੍ਰਿਤ ਭਾਈ ਮਨੀ ਸਿੰਘ, ਸੰ: ੧੮੭੯ ਬਿ:, ਸਾਖੀ ੧੫)



Digitized by Panjab Digital Library | www.panjabdigilib.org

(੧) ਪੋਥੀ 'ਸੱਚ ਖੰਡ' ੧੫੩ ਗੋਸ਼ਟਾਂ,(੨) ਪੋਥੀ ਹਰਿ ਜੀ

**ਕੁੱਲ ਗੋਸ਼ਟਾਂ ਤੇ ਹਿੱਸੇ**

ਕੀ ੬੧ ਗੋਸ਼ਟਾਂ, (੩) ਪੋਥੀ ਚਤੁਰ ਭੋਜ ੭੪ ਗੋਸ਼ਟਾਂ, (੪) ਪੋਥੀ ਕੇਸ਼ੋ ਰਾਇ, (੫) ਪੋਥੀ ਅਭੈ ਪਦ ਤੇ (੬) ਪੋਥੀ ਪ੍ਰੇਮ ਪਦ । ਇਨ੍ਹਾਂ ਤਿੰਨਾਂ ਪੋਥੀਆਂ ਦੀਆਂ ੨੭੭ ਗੋਸ਼ਟਾਂ ਮਿਲ ਕੇ ਕੁੱਲ ਜੋੜ ੫੭੫ ਗੋਸ਼ਟਾਂ ਹੁੰਦੀਆਂ ਹਨ । ਜਨਮ ਸਾਖੀ ਦੇ ਪਹਿਲੇ ਤੇ ਦੂਜੇ ਭਾਗ ਵਿਚ ਕੇਵਲ ਪੋਥੀ ਸੱਚ ਖੰਡ, ਪੋਥੀ ਹਰਿ ਜੀ ਤੇ ਚਤੁਰ ਭੋਜ ਦੀਆਂ ੧੫੩--੧੩੫ ਗੋਸ਼ਟਾਂ ਹੀ ਛਾਪੀਆਂ ਹਨ ਤੇ ਬਾਕੀ ਦੀਆਂ ਗੋਸ਼ਟਾਂ ਅਗਲੇ ਤੀਜੇ ਚੌਥੇ ਭਾਗਾਂ ਵਾਸਤੇ ਰਹਿ ਗਈਆਂ ਹਨ ।

ਇਸ ਜਨਮ ਸਾਖੀ ਵਿਚ ਹੋਰ ਸਾਖੀਆਂ ਦੇ ਮੁਕਾਬਲੇ ਤੇ ਜਿੱਥੇ ਏਨਾ ਵੱਡਾ ਫੈਲਾਉ ਹੈ, ਉਥੇ ਨਾਲ ਹੀ ਨੁਕਸ ਵੀ ਕੁਝ ਵਧੇਰੇ ਹਨ । ਉਹ ਨੁਕਸ ਕਥਾ-

**ਬੋਲੀ**

ਵਸਤੂ ਤੋਂ ਬਿਨਾ ਕੁਝ ਤਾਂ ਜ਼ਬਾਨ ਦਾਨੀ ਦੇ ਹਨ ਤੇ ਕੁਝ ਅਘੜ-ਦੁਘੜੇ ਘਟਨਾ-ਕ੍ਰਮ ਦੇ ਸੂਚਕ । ਜਿੱਥੋਂ ਤਕ ਜ਼ਬਾਨ ਦਾ ਸੰਬੰਧ ਹੈ, ਉਥੋਂ ਤਕ ਇਹ ਪੁਰਾਣੀ ਪੰਜਾਬੀ ਦਾ ਨਮੂਨਾ ਤਾਂ ਹੈ ਪਰ ਬਹੁਤੀ ਹਿੰਦਵੀਅਤ ਮਿਲੀ ਹੋਣ ਕਰ ਕੇ ਏਨੀ ਸ਼ੁੱਧ ਪੰਜਾਬੀ ਨਹੀਂ ਕਹੀ ਜਾ ਸਕਦੀ, ਜਿਵੇਂ ਕਿ ਉਦਾਹਰਣ ਹੈ—'ਤਬ ਰਾਜੇ ਧਰਮ ਕਉ ਖਬਰਿ ਭਈ ਜਿ, 'ਤੇਰੀ ਪੁਰੀ ਕਉ ਰਾਜਾ ਜਨਕ ਦੇਖਣੇ ਆਵਤਾ ਹੈ ।'... ਤਬ ਰਾਜੇ ਧਰਮ ਕਹਿਆ ਜਿ, 'ਜੀ, ਹਮਿ ਪਾਪੀ ਥੇ । ਹਮਾਰੇ ਧੰਨਿ ਭਾਗਿ, ਇਸ ਪੁਰੀ ਕਉ ਤੁਮ ਨਿਸਤਾਰਨ ਆਏ ਹਹੁ ਜੀ ।'

(ਜਨਮ ਸਾਖੀ ਗੁਰੂ ਨਾਨਕ, ਭਾਗ ਪਹਿਲਾ, ਸਫ਼ਾ ੪)

ਹਿੰਦੀ-ਪੰਜਾਬੀ ਦਾ ਇਹ ਰਲਗੱਡ ਜੇ ਇਕ ਵੰਨੇ ਮਾਲਵੇ ਦੀਆਂ ਹੱਦਾਂ ਨੂੰ ਜਾ ਛੁਹਦਾ ਹੈ ਤਾਂ ਦੂਜੇ ਵੰਨੇ ਸੰਸਕ੍ਰਿਤ, ਉਰਦੂ-ਫ਼ਾਰਸੀ ਤੇ ਲਹਿੰਦੀ ਪੰਜਾਬੀ ਦੇ ਲਫ਼ਜ਼ ਤਾਂ ਇਸ ਦਾ ਹੋਰ ਹੀ ਰੂਪ-ਰੰਗ ਉਘਾੜਦੇ ਹਨ, ਜਿਵੇਂ--''ਉਨ੍ਹ ਦਿਨਹੁ ਅਨਾਜੁ ਸਉਗੁਣਾ ਸੁਕਾਲੁ ਹੋਤਾ ਥਾ ਅਰੁ ਹਾਲਾ ਥੋੜਾ ਲੀਚੀਤਾ, ਅਮਰ ਨਿਆਉ ਕਰਤੇ, ਰਯਤਿ ਮਹਿ ਕਰਮੁ ਥਾ, ਦਿਨ ਖਰੇ ਭਲੇ ਥੇ, ਸਭ ਕੋਈ ਸੁਖੀ ਰਹਤਾ । ਗੁਰੂ ਬਾਬੇ ਕੀ ਜੇਵਣਵਾਰ ਹੋਵਣੈ ਲਾਗੀ । ਪਹਿਲਾ ਗਿਰਦ ਨਿਵਾਹੀ ਕੇ ਗਿਰਾਵ ਜਿ ਮੇਲੀ ਥੇ ਸਿ ਜਿਮਾਏ । ਫਿਰਿ ਤਲਵੰਡੀ ਕੇ ਲੋਕ ਸਭਿ ਤਥਾ



Digitized by Panjab Digital Library | www.panjabdigilib.org

ਚਾਕਰ ਜਿਮਾਏ । ਫੇਰਿ ਮਹਾਜਨੁ ਤਲਵੰਡੀ ਕਾ ਜਿਮਾਇਆ । ਖਤ੍ਰੀ ਬ੍ਰਾਹਮਣ ਸਭੁ ਜਿਮਾਏ ।' (ਜਨਮ ਸਾਖੀ ਗੁਰੂ ਨਾਨਕ, ਭਾਗ ਪਹਿਲਾ, ਸਫ਼ਾ ੨੯)

ਬੋਲੀ ਤੇ ਉਪਬੋਲੀ ਦੇ ਇਹ ਫ਼ਰਕ ਇਕ ਪਾਸੇ ਰੱਖ ਕੇ ਇਤਿਹਾਸਕ ਤੇ ਕਥਾ ਰੂਪ ਘਟਨਾ--ਕ੍ਰਮ ਦੀ ਠੁੱਕ ਵੀ ਇਸ ਜਨਮ ਸਾਖੀ ਵਿਚ ਏਨੀ ਚੰਗੀ ਨਹੀਂ ਹੈ । ਲੇਖਕ ਨੇ ਮੁੱਢ ਵਿਚ ਹੀ ਰਾਜੇ ਜਨਕ ਦੀ ਗੋਸ਼ਟਿ ਲਿਖ ਕੇ ਗੁਰੂ ਨਾਨਕ ਨੂੰ ਜਨਕ ਦਾ ਅਵਤਾਰ ਦੱਸਿਆ[1] ਤੇ ਇਸ ਸਾਖੀ ਨੂੰ ਪੁਰਾਣਿਕ ਰੂਪ ਦਿੱਤਾ ਹੈ । ਇਹ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਸੋਢੀ ਹਰਿ ਜੀ ਦੇ ਕਥਨ ਅਨੁਸਾਰ ਮਿਹਰਵਾਨ ਜੀ ਰਿਖੀ ਮੁਖਦੇਵ ਦਾ ਅਵਤਾਰ ਸਨ । ਇਸੇ ਕਰ ਕੇ ਗੁਰੂ ਨਾਨਕ ਦੀਆਂ ਉਦਾਸੀਆਂ ਦੇ ਹਾਲ ਵੀ ਬਹੁਤੇ ਇਤਿਹਾਸਿਕ ਦੀ ਥਾਵੇਂ ਮਿਥਿਹਾਸਿਕ ਰੂਪ ਵਿਚ ਹੀ ਪੇਸ਼ ਕੀਤੇ ਗਏ ਹਨ । ਇਤਿਹਾਸਿਕ ਨਾਂ-ਥਾਂ ਜੇ ਕਿਤੇ ਦਿੱਤੇ ਵੀ ਹਨ ਤਾਂ ਉਹ ਗ਼ਲਤ ਜਿਹੇ ਹੋ ਗਏ ਹਨ, ਜਿਵੇਂ ਦਿੱਲੀ ਦੀ ਸਾਖੀ (ਗੋਸ਼ਟਿ) ਵਿਚ ਸਫ਼ਾ ੧੧੪ ਉਤੇ ਸਲੇਮ ਸ਼ਾਹ ਸੂਰ ਦਾ ਜ਼ਿਕਰ ਉੱਕਾ ਹੀ ਬੇ-ਬੁਨਿਆਦ ਹੈ । ਇਸੇ ਤਰ੍ਹਾਂ ਗੁਰੂ ਨਾਨਕ ਹਰੇਕ ਉਦਾਸੀ ਵਿਚ ਕਿੱਥੇ ਕਿੱਥੇ ਗਏ ਤੇ ਫਿਰ ਕਿੱਥੋਂ ਦੀ ਹੋ ਕੇ ਵਾਪਿਸ ਦੇਸ ਆਏ, ਅਜਿਹੀਆਂ ਸਾਖੀਆਂ ਕੁਝ ਤਾਂ ਨਿਰੀਆਂ ਮਨੋਕਲਪਿਤ ਤੇ ਸ਼ਬਦਾਰਥ ਰੂਪ ਗੋਸ਼ਟਾਂ ਹਨ, ਜਿਨ੍ਹਾਂ ਦਾ ਸਹੀ ਪਿਛੋਕਾ ਕੁਝ ਨਹੀਂ ਹੈ, ਤੇ ਹੋਰ ਬਾਕੀ ਜੋ ਕੁਝ ਇਤਿਹਾਸ ਰਹਿ ਜਾਂਦਾ ਹੈ ਤਾਂ ਉਹ ਵੀ ਪੁਰਾਣਿਕ ਹੱਦਾਂ ਤੋਂ ਬਾਹਰ ਨਹੀਂ ਨਿਕਲਨ ਦਿੱਤਾ, ਜਿਵੇਂ—ਮੱਕੇ ਦੀ ਸਾਖੀ ਵਿਚ ਮੁਲਤਾਨ ਦੇ ਨੇੜੇ ਇਕ ਪਿੰਡ ਦੀ ਮਸੀਤ ਗੁਰੂ ਬਾਬੇ ਦੀ ਕਰਾਮਾਤਾ ਨਾਲ ਫਿਰਦੀ ਦੱਸ ਕੇ ਕਿਸੇ ਗੁਪਤ ਪ੍ਰੇਰਣਾ ਦੇ ਅਧੀਨ, ਭਾਈ ਗੁਰਦਾਸ ਦ ਇਹ ਕਥਨ –'ਫਿਰਿਆ ਮੱਕਾ ਕਲਾ ਦਿਖਾਰੀ' ਉੱਕਾ ਹੀ ਬਦਲ ਕੇ ਰੱਖ ਦਿੱਤਾ ਹੈ । ਇਸ ਲਈ ਭਾਈ ਮਨੀ ਸਿੰਘ ਦਾ ਇਹ ਕਹਿਣਾ ਕਿ ਇਹ ਜਨਮ ਸਾਖੀ ਵਿਚ 'ਛੋਟੇ ਮੇਲ' ਵਾਲਿਆਂ ਨੇ ਕਈ ਅਜੁਗਤਾਂ ਪਾ ਦਿੱਤੀਆਂ ਹਨ, ਅੱਖਰ ਅੱਖਰ ਸਹੀ ਤੇ ਸਾਰਥਿਕ ਹੈ ।

**ਕਥਾ-ਵਸਤੁ ਦੇ ਨੁਕਸ**

---

ਇਹ ਖ਼ਿਆਲਾ—'ਤੂ ਤਾ ਜਨਕ ਰਾਜਾ ਅਉਤਾਰ ।' (ਸਵੈਯੇ ਮ: ੨ ਕੇ) ਦੇ ਅਨੁਸਾਰ ਹੈ ।



Digitized by Panjab Digital Library | www.panjabdigilib.org

## ੯. ਸੋਢੀ ਮਿਹਰਵਾਨ ਦੇ ਛੇਕੜਲੇ ਦਿਨ

ਸੋਢੀ ਮਿਹਰਵਾਨ ਜੀ ਦਾ ਦੇਹਾਂਤ ਮਾਘ ਸੁਦੀ ਪੰਚਮੀ ਸੰ: ੧੬੯੬ ਬਿ: ਨੂੰ ਕਿਵੇਂ ਹੋਇਆ, ਭਾਵੇਂ ਅਸੀਂ ਇਸ ਬਾਰੇ ਬਹੁਤ ਕੁਝ ਪਿਛਲੇ ਸਫ਼ਿਆਂ ਉਤੇ ਦੱਸ ਆਏ ਹਾਂ, ਪਰ ਉਨ੍ਹਾਂ ਦੇ ਸੁਪੁਤ੍ਰ ਤੇ ਗੱਦੀ-ਨਸ਼ੀਨ ਸੋਢੀ ਹਰਿ ਜੀ ਦੇ ਸ਼ਬਦਾਂ ਵਿਚ, ਜਿਵੇਂ ਕਿ ਉਨ੍ਹਾਂ ਨੇ ਆਪਣੀ ਕਲਮ ਤੋਂ 'ਗੋਸ਼ਟਾਂ ਸੋਢੀ ਮਿਹਰਵਾਨ ਜੀ ਕੀਆਂ' ਵਿਚ ਲਿਖਿਆ ਹੈ, ਕੁਝ ਕੁ ਹੂਬਹੂ ਵੇਰਵਾ ਇਸ ਪ੍ਰਕਾਰ ਹੈ :—

"ਤਬ ਮਾਘ ਸੁਦੀ ਪੰਚਮੀ ਕੇ ਦਿਨਿ ਸ੍ਰੀ ਸਤਿਗੁਰੂ ਜੀ ਕੀਰਤਨੁ ਕਰਿ ਬਹੁਤੁ ਅਨੰਦਮਾਨੁ ਭਏ । ਸਭ ਸੇਵਕ ਪਰਵਾਰ ਮਹਲੀਆ ਸੰਗਤਿ ਨੂ ਹੁਕਮੁ ਹੋਇਆ ਜੋ, "ਈਹਾ ਛਾਪਰਾਂ ਕੀ ਛਾਵਣੀ ਬਹੁਤੁ ਕਰਿ ਕਰਿ ਕਰਹੁ ਅਰੁ ਸੰਗਤਿ ਨੂੰ ਚੀਰੀਆ ਲਿਖਹੁ ਅਰੁ ਮਿਤੀ ਪਾਇ ਭੇਜਹੁ ਜੋ ਮਾਘ ਮਹਿ ਸੰਗਤੀ ਆਵਹਿ, ਪੈਰੀ ਪੈ ਜਾਵਹਿ । ਜਹਾਂ ਕੋਈ ਸਿਖ ਦੂਰਿ-ਨੇੜੇ ਹੈ ਸੋ ਰਹਣਾ ਕਿਸੇ ਨਾਹੀ, ਸਭਨਾ ਆਵਣਾ ।" ਤਬ ਸਭਨਾ ਸਿਖਾ ਬੇਨਤੀ ਕਰੀ ਜੇ, "ਜੀ, ਵੈਸਾਖੀ ਨੂੰ ਸਦਾ ਮੇਲਾ ਹੋਂਦਾ ਹੈ, ਹੁਣੁ ਏਹੁ ਕਿਉਂ ਕਰਿ ਰਜਾਇ ਹੈ ?" ਤਬ ਆਗਿਆ ਸ੍ਰੀ ਗੁਰੁ ਦੇਉ ਜੀ ਕੀ ਹੋਈ ਜੇ, "ਵੈਸਾਖੀ ਨੂ ਭੀ ਸੰਗਤਿ ਆਵਨਗੀਆਂ ਅਰੁ ਮਾਘ ਮਹਿ ਭੀ ਆਵਹਿ । ਹਮਾਰੀ ਮਨਸਾ ਤੀਰਥਾ ਕਉ ਜਾਣੇ ਕੀ ਹੈ, ਅਰੁ ਬਸੰਤਿ ਪੰਚਮੀ ਕੇ ਵਿਖੇ ਖੇਲਹਿਗੇ, ਮਾਘਿ ਕਾ ਮਹੀਨਾ ਮਹਾ ਪੁਨੀਤੁ ਹੈ । ਸ੍ਰੀ ਗੁਰੂ ਬਾਬੇ ਨਾਨਕ ਜੀ ਭੀ ਬਾਰਹ ਮਾਹੇ ਮਹਿ ਕਹਿਆ ਹੈ, 'ਮਾਘੁ ਪੁਨੀਤੁ ਭਇਆ ਤੀਰਥ ਅੰਤਰਿ ਜਾਨਿਆ ।'..." ਤਬ ਸਾਰੀਆ ਸੰਗਤੀਸਿਖਿ ਜੋ ਕੋਈ ਥੇ ਸੋ ਤਿਨਾ ਸਭਨਾ ਕਉ ਹੁਕਮੁ ਨਾਵੇ ਲਿਖੇ ਅਰੁ ਛਪਰਿ ਬਹੁਤੁ ਕਰਿ ਕਰਿ



Digitized by Panjab Digital Library | www.panjabdigilib.org

ਬਾਂਧੇ । ਜਬ ਤਈਆਰੁ ਭਏ ਤਬ ਸੇਵਕ ਆਇ ਖਲੇ ਭਏ ਜੇ, "ਜੀ, ਛਪਰੁ ਸਭੁ ਤਈਆਰੁ ਭਏ ਹੈਂ ।" ਤਬ ਸ੍ਰੀ ਸਤਿਗੁਰੂ ਜੀ ਕੇ ਪੋਥੀ ਸੰਗ ਹੀ ਰਹਤੀ ਥੀ, ਏਕੁ ਪਲੁ ਭਰਿ ਦੂਰਿ ਨਾਹੀ ਕਰਤੇ ਥੇ ਜੀ । ਤਬ ਪੋਥੀ ਲੇ ਕਰਿ ਸ੍ਰੀ ਗੁਰੁ ਦੇਉ ਜੀ ਉਠਿ ਠਾਢੇ ਭਏ ਅਰੁ ਛਪਰਾਂ ਕੇ ਦੇਖਨੇ ਕਉ ਆਏ । ਤਬ ਸਭੁ ਛਪਰੁ ਦੇਖੇ, ਚਉਕੀਦਾਰ ਸੇਵਕ ਪਰਵਾਰੁ ਸਭੁ ਪੈਰੀ ਪਏ, ਤਿਨ ਕਉ ਸਤਿਗੁਰੂ ਖੁਸੀ ਕਰੀ ਜੋ, "ਤੁਮਾਰੇ ਘਰਿ ਦਰਗਾਹ ਮਹਿ ਸਵਰਹਿਗੇ ।" ਤਬ ਰਬਾਬੀ ਸੰਗਿ ਜੋ ਥਾ ਤਿਨ ਰਬਾਬ ਮਹਿ ਰਾਮਕਲੀ ਖਰੇ ਉਦਾਸੁ ਘਰਿ ਹੋਇ ਕਰਿ ਤਾਰਿ ਬਜਾਈ । ਤਬ ਸ੍ਰੀ ਸਤਿਗੁਰੂ ਬਹੁਤੁ ਉਦਾਸੀ ਕੇ ਘਰਿ ਹੋਇ ਕਰਿ ਕਹਿਆ ਜੋ, "ਭਾਈ ! ਕਛੁ ਤੁਮ ਸਮਝਤੇ ਹੋ ਜੀ, ਜੋ ਇਹੁ ਤਾਰਿ ਕਿਆ ਕਹਤੀ ਹੈ ?" ਤਬ ਸਭਨਾ ਹਥਿ ਜੋੜਿ ਕਰਿ ਬੇਨਤੀ ਕੀਤੀ ਜੋ, "ਜੀ, ਤੂਹੈਂ ਜਾਣਹਿ ।" ਸੋ ਤਬ ਸੋਢੀ ਮਿਹਰਵਾਨ ਜੀ ਨੇ ਦਸਿਆ ਕਿ "ਇਹ ਤਾਰ ਸਾਡੀ ਇਹ ਥਾਂ ਰਾਸ ਹੋਈ ਦਸਦੀ ਹੈ ।"

ਤਬ ਸਤਿਗੁਰੂ ਜੀ ਦੇਹਰੇ ਆਏ । ਤਬ ਗੁਰੂ ਕਉਲ ਨੈਨ ਕਉ ਬੁਲਾਇ ਲੀਆ ਅਰੁ ਆਗੇ ਹੁਕਮੁ ਕਰਿ ਛੋਡਿਆ ਥਾ ਜੋ, "ਜੇਤੀ ਵਾਰੀ ਮੇਰੇ ਪਾਸਿ ਆਵੈ ਤਿਤਨੀ ਹੀ ਵਾਰੀ ਰੁਪਈਆ ਭੇਟਿ ਲੈ ਆਵੈ ।" ਤਬ ਗੁਰੂ ਕਉਲ ਨੈਨੁ ਰੁਪਈਆ ਲੇ ਕਰਿ ਆਇ ਪੈਰੀ ਪਇਆ । ਸਤਿਗੁਰੂ ਮੁਸਕਾਇ ਕਰਿ ਕਹਿਆ ਜੋ, "ਸੀਤਾ ! ਕਉਲੁ ਨੈਨੁ ਕਿਤਨਿਆ ਕੁ ਦਿਨਾਂ ਕਾ ਭਇਆ ਹੈ ?" ਤਬ ਮਾਤਾ ਜੀ ਕਹਿਆ ਜਿ, "ਜੀ, ਮਹੀਨਿਆਂ ਸਤਾਂ ਕਾ ਭਇਆ ਹੈ ।" ਤਬ ਸ੍ਰੀ ਸਤਿਗੁਰੂ ਜੀ ਮੁਸਕਰਾਇ ਕੈ ਕਹਿਆ ਜੋ, "ਮੈਂ ਭੀ ਸਤਾਂ ਮਹੀਨਿਆਂ ਕਾ ਥਾ ਜਬ ਸ੍ਰੀ ਸਤਿਗੁਰੂ ਰਾਮਦਾਸੁ ਜੀ ਸਮਾਇਆ ਥਾ ।" ਤਬ ਜੋ ਕੋਈ ਪਾਸਿ ਸੇਵਕੁ ਥੇ ਸੋ ਸੁਣੁ ਕਰਿ ਹੈਰਾਨੁ ਹੋਇ ਰਹੈ, ਪਰ ਤੇਜੁ ਪਰਤਾਪੁ ਜਾਣਿ ਕਰਿ ਕੋਈ ਕਛੁ ਪੂਛਿ ਸਕੈ ਨਾਹੀ ।



Digitized by Panjab Digital Library | www.panjabdigilib.org

ਇਸ ਤੋਂ ਅੱਗੇ ਸੋਢੀ ਹਰਿ ਜੀ ਮਿਹਰਵਾਨ ਜੀ ਬਾਰੇ ਲਿਖਦੇ ਹਨ ਕਿ, ਉਸ ਸਮੇਂ ਉਨ੍ਹਾਂ ਦੀ ੧੬ ਵਰ੍ਹਿਆਂ ਵਰਗੀ ਸਰੀਰ ਦੀ ਕਾਂਤੀ ਸੀ ਤੇ ਅੱਠੇ ਪਹਿਰ ਆਨੰਦ ਵਿਚ ਰਹਿੰਦੇ ਸਨ। ਉਨ੍ਹਾਂ ਦੇ ਸਾਮ੍ਹਣੇ ਵਡਹੰਸ ਰਾਗ ਤੇ ਰਾਮ ਕਲੀ ਉਦਾਸੀ ਦੇ ਘਰ ਵਿਚ ਗਾਵੀਂਦੇ ਸਨ। ਜਦ ਕਦੇ ਬੱਦਲ ਹੋ ਆਉਂਦੇ ਤਾਂ ਮਲਾਰ ਰਾਗ ਗਾਇਆ ਜਾਂਦਾ ਤੇ ਅੱਠੇ ਪਹਿਰ ਵੈਰਾਗ ਮਈ ਰੂਪ ਵਿਚ ਚਲਾਣੇ ਦੀਆਂ ਹੀ ਗੱਲਾਂ ਹੁੰਦੀਆਂ ਰਹਿੰਦੀਆਂ। ਗਿਆਨ ਕਥਾ ਭਾਗਵਤ, ਮਹਾਭਾਰਤ, ਗੀਤਾ, ਗੋਸ਼ਟਾਂ ਸਭਨਾਂ ਗੁਰੂਆਂ ਤੇ ਭਗਤਾਂ ਦੀਆਂ ਜੋ ਪਹਿਲਾਂ ਰਚੀਆਂ ਸਨ, ਸੁਣਾਈਆਂ ਜਾਣ ਲੱਗੀਆਂ।

"ਸਭਨਾਂ ਭਗਤਾਂ ਦੀਆਂ ਗੋਸਟੀ ਗੁਰੂ ਸਾਹਿਬ ਸਲਾਮਤਿ ਹੋਦੇ ਹੀ ਹੋਈਆਂ ਥੀਆਂ ਅਰੁ ਨੰਗਲੁ ਸਹਰੁ ਸਾਡੇ ਧਉਲੇ ਵਿਚਿ ਚਉਬਾਰੇ ਕੇ ਉਪਰਿ ਗੋਸਟੀ ਕਾ ਅਰੰਭੁ ਹੋਇਆ ਥਾ। ਤਬ ਆਦਿ ਹੀ ਕਬੀਰੁ ਗੁਸਾਈ ਕੀਆਂ ਗੋਸਟਾਂ ਭਈਆਂ ਥੀਆਂ, ਤਿਸੁ ਪੀਛੇ ਅਉਰੁ ਸਭੁ ਗੋਸਟੀ ਹੋਈਆਂ। ਬਾਣੀ ਕਾ ਅਰਥੁ ਗੁਰੂ ਬਾਬੇ ਨਾਨਕ ਜੀ ਕੇ ਵਚਨਿ ਕਰਿ ਕਰਿ ਹੋਇਆ, ਜੋ ਕਛੁ ਵੇਦੁ ਪੁਰਾਣੁ ਕੀ ਬਾਤਿ ਥੀ ਸੋ ਸਭੁ ਬਾਣੀ ਕੇ ਅਰਥਿ ਮਹਿ ਪਰਗਟਿ ਕਰਿ ਦਿਖਲਾਈ ਅਰੁ ਸਭਨਾ ਗੁਰਾ ਕੇ, ਅਰ ਸਭਨਾ ਭਗਤਾਂ ਕੇ ਸਬਦੁ ਜਿਤੁ ਜਿਤੁ ਪਰਥਾਇ ਭਏ ਥੇ ਸੋ ਸਭ ਕਹਿ ਸਮਝਾਇਆ ਅਰੁ ਪਿਛਲੇ ਭਗਤਾਂ ਕੇ ਜਨਮੁ ਪਰਗਟਿ ਕੀਏ ਅਰੁ ਸ੍ਰੀ ਸਤਿਗੁਰੂ ਮਿਹਰਿਵਾਨ ਤ੍ਰਿਕਾਲ ਗਿਆਨੀ ਸਭਨਾ ਕੇ ਜਨਮੁ, ਕਰਮੁ ਅਰੁ ਮਨ ਕੀ ਬਾਂਛਾ ਐਸੇ ਕਰਿ ਜਾਨੈ ਜੈਸੇ ਆਰਸੀ ਮਹਿ ਮੁਖੁ ਦੇਖੀਤਾ ਹੈ, ਪਰ ਮੁਖੁ ਤੇ ਕਹੈ ਨਾਹੀ। ਅਰੁ ਬਾਣੀ ੭ ਸਤਿਵੈ ਮਹਲੁ ਬ੍ਰਹੁਤੁ ਕਰਿ ਕਰਿ ਭਈ ਅਰੁ ਬਾਣੀ ਮਹਿ ਵਰਤਮਾਨੁ ਭੀ ਕਹਿਆ ਅਰੁ ਹੋਵਣਹਾਰੁ ਭੀ ਕਹੀ ਅਰੁ ਅਧਿਆਤਮੁ ਪ੍ਰੇਮੁ-ਨੇਮੁ ਕੀ ਬਾਣੀ ਬਹੁਤੁ ਹੋਈ।"

(ਗੋਸ਼ਟਿ ੪੨)



Digitized by Panjab Digital Library | www.panjabdigilib.org

ਜਾਂ ਕਦੇ ਕਦੇ ਸੁਭਾਉ ਮਹਿ ਚਿਤੁ ਹੋਇ ਆਵੈ ਤਬ ਇਵੇ ਹੀ ਕਹੀਐ ਜੋ ਬਹੁਤੁ ਗਈ, ਥੋੜੀ ਰਹੀ, ਦਿਨਿ ਨੇੜੇ ਆਏ। ਅਰੁ ਆਨੰਦਮਾਨੁ ਹੋਈਐ, ਸਮਝੈ ਸੋ ਕਿਆ ਕੋਈ ਸਮਝੈ। ਆਦਿ ਤੇ ਬਾਲੁ ਅਵਸਥਾ ਤੇ ਏਹੁ ਸੁਭਾਉ ਬਹੁਤੁ ਥਾ ਜੇ ਉਦਾਰਤਾ ਅਰੁ ਉਦਾਸੁ ਚਿਤੁ ਐਸਾ ਥਾ ਜੈਸੇ ਤੁਲਸੀ ਦਾਸੁ ਗੁਸਾਈ ਕਹਿਆ ਹੈ—

"ਐਸੋ ਕੋ ਉਦਾਰੁ ਜਗਿ ਮਾਹੀ।
ਬਿਨੁ ਸੇਵਾ ਜੋ ਦ੍ਰਵੈ ਦੀਨੁ ਪਰੁ,
ਸੋ ਰਾਮ ਸਦ੍ਰਿਸ ਕੋ ਨਾਹੀ ॥ ੧ ॥"

ਸੋ ਸ੍ਰੀ ਰਾਮਚੰਦ ਕੀ ਮੂਰਤਿ ਸ੍ਰੀ ਸਤਿਗੁਰੂ ਮਿਹਰਿਵਾਨ ਥਾ। ਜਬ ਕੀਰਤਨ ਕਰਨ ਬੈਠਤਾ ਤਬ ਸਾਂਝਿ ਕੀ ਪ੍ਰਭਾਤਿ ਹੋਇ ਜਾਤੀ ਥੀ ਅਰੁ ਜਬ ਸਵੇਰੇ ਬੈਠਤਾ ਤਬ ਸਾਂਝ ਹੋਇ ਜਾਤੀ ਥੀ।

**ਸ਼ਬਦ-ਕੀਰਤਨ**

ਐਸਾ ਕੀਰਤਨੁ ਹੋਵੈ ਜੋ ਪ੍ਰਗਟਿ ਜਾਨੀਐ ਜੋ ਵੈਕੁੰਠ ਮਹਿ ਬੈਠਾ ਹਾ, ਸ੍ਰੀ ਠਾਕੁਰੁ ਜੀ ਪ੍ਰੇਮੁ-ਮਗਨੁ ਹੋਇ ਗਾਵਤਾ ਹੈ। ਸੋ ਸ੍ਰੀ ਸਤਿਗੁਰੂ ਜੀ ਪ੍ਰੇਮੁ ਕੀ ਮੂਰਤਿ ਛਿਆ ਰਾਗਾਂ ਕੀ ਛਤੀਸੁ ਪਰੀਆਂ ਗਾਵੀਅਹਿ, ਰਬਾਬ ਹਰਿ ਜੀ ਨਾਰਾਇਣੁ ਵਜਾਵਹਿ, ਤਾਲੁ ਚਤੁਰ ਭੋਜੁ, ਹਰਿ ਗੋਪਾਲੁ ਬਜਾਵਹਿ, ਅਰੁ ਭਲਕੇ ਵਾਰੁ ਚਤੁਰੁ ਭੋਜੁ ਪਾਸ ਤੇ ਪੜਾਈਤੀ ਥੀ। ਅਰੁ ਅਉਰੁ ਰਬਾਬੀ ਤਾਲੁ ਨਗਾਰੇ ਭੇਰੀ ਕੰਨੜੇ ਰਬਾਬੁ ਅਉਰੁ ਸੋ ਸਾਜ ਬਾਜੇ ਹੈ, ਸੋ ਤਿਨ ਸਾਜਾ ਕੀ ਕਛੁ ਕੀਮਤਿ ਆਵੈ ਨਾਹੀ। ਸੋ ਸਭੇ ਹੀ ਕੀਰਤਨੁ ਮਹਿ ਬਾਜਹਿ, ਜੋ ਕੋਈ ਉਸੁ ਖੇਉੜੁ ਮਹਿ ਜਾਇ ਕਰਿ ਜੀਉ ਸੁਨੈਗਾ ਅਰੁ ਕੀਰਤਨੁ ਕਉ ਸੁਨੈਗਾ ਸੋ ਤਿਸ ਕਾ ਐਸਾ ਆਤਮਾ ਠਹਿਰਾਇ ਜਾਇਗਾ ਜੋ ਦੂਖੁ ਭੂਖੁ ਚਿੰਤਾ ਉਸ ਕੀ ਸੁਨਤੇ ਹੀ ਸਭੁ ਦੂਰਿ ਹੋਇ ਜਾਇਗੀ। ਤਬ ਸ੍ਰੀ ਸਤਿਗੁਰੂ ਜੀ ਕੇ ਪ੍ਰੇਮੁ ਕੀ ਛਾਇਆ ਜੋ ਵਰਤੇ ਸੋ ਤਿਸੁ ਕਰਿ ਕਰਿ ਮਹਾ ਆਨੰਦ ਤਿਸ ਕੇ ਮਨ ਮਹਿ ਉਪਜੈ ਹੈ।"



Digitized by Panjab Digital Library | www.panjabdigilib.org

ਫੇਰ ਸੋਢੀ ਹਰਿ ਜੀ ਲਿਖਦੇ ਹਨ ਕਿ ਇਸਤਰ੍ਹਾਂ ਕੀਰਤਨ ਸੁਣ ਕੇ ਉਸ ਸਮੇਂ ਸਭ ਲੋਕ ਆਨੰਦ ਮਾਣਦੇ ਰਹੇ । ਕੀਰਤਨ ਤੋਂ ਬਾਦ ਆਰਤੀ ਸੋਹਿਲਾ ਦਾ ਪਾਠ ਹੁੰਦਾ ਸੀ । ਫੇਰ ਮਾਲਾ ਫੇਰ ਕੇ ਪੋਥੀਆਂ ਪੜ੍ਹੀਦੀਆਂ ਸਨ । ਫੇਰ ਜੋਗ ਮਾਇਆ (ਨੀਂਦ) ਆ ਪਸਰਦੀ ਸੀ । ਤੇ ਫੇਰ ਓਹ ਇਸ ਕਥਾ ਦਾ ਸਾਰ-ਅੰਸ਼ ਇਸਤਰ੍ਹਾਂ ਆਪਣੀ ਰਚਨਾ ਵਿਚ ਦਸਦੇ ਹਨ :—

ਸਲੋਕੁ ।

ਤਰਵਰੁ ਲਾਗੇ ਛੇਮੁ ਕਾ<br>
ਸੰਚਿਓ ਜੀਉ ਪ੍ਰਾਨੁ ।<br>
ਸਾਖਾ ਮਵਲੀ ਧਰਮੁ ਕੀ,<br>
ਪਤ੍ਰ ਪਤਿ ਪਰਵਾਨੁ ।<br>
ਪਾਰੁਜਾਤਿ ਜਿਉ ਫੂਲਿਆ,<br>
ਸਿਉ ਜੁਗਤੀ ਤਤੁ ਗਿਆਨੁ ।<br>
ਫਲੁ ਲਾਗਾ ਹੈ ਪ੍ਰੇਮੁ ਕਾ,<br>
ਵਾਜੇ ਪ੍ਰਗਟਿ ਨੀਸਾਨੁ ।<br>
ਆਦਿ ਅੰਤਿ ਮਧ ਤੀਨਿ ਮਹਿ,<br>
ਦੁਹੁ ਕਾ ਏਕੁ ਧਿਆਨੁ ।<br>
ਸਿਉ ਨਰੁ ਨਾਰਾਇਣੁ ਰੂਪੁ ਹੈ,<br>
ਸ੍ਰੀ ਮਿਹਰਿਵਾਨੁ ਸ੍ਰੀ ਕਾਨੁ ।<br>
ਭੇਦੁ ਨਾਹੀ ਇਨਾ ਨਾਨਕਾ,<br>
ਸਚੁ ਸਚਾ ਗੁਰੂ ਮਿਹਰਿਵਾਨੁ ॥੧॥੪੨॥



Digitized by Panjab Digital Library | www.panjabdigilib.org

ਏਥੇ ਹੀ ਬੱਸ ਨਹੀਂ, ਸੋਢੀ ਹਰਿ ਜੀ, ਇਸ ਤੋਂ ਅੱਗੇ ਫੇਰ ਮਿਹਰਵਾਨ ਜੀ ਦੇ ਛੇਕੜਲੇ ਦਿਨਾਂ ਬਾਰੇ ਉਨ੍ਹਾਂ ਦੇ ਬਚਨਾਂ ਦਾ ਕੁਝ ਕੁ ਖ਼ਾਕਾ ਇਸ ਤਰ੍ਹਾਂ ਉਲੀਕਦੇ ਹਨ :—

"ਤਬ ਆਪਣਾ ਕਾਰਣੁ ਆਪੇ ਜੋ ਥਟਿਆ ਥਾ ਸੋ ਤਬ ਮਾਘੁ ਸੁਦੀ ਤ੍ਰਿਤੀਆ ਕੇ ਦਿਨਿ ਸ੍ਰੀ ਸਤਿਗੁਰੂ ਜੀ ਕੀਰਤਨੁ ਕਰਨ ਬੈਠੇ ਥੇ । ਤਬ ਸੰਗਤਿ ਸਿਖਿ ਪਰਵਾਰੁ ਜੋਰੂ ਪੁਰਸੁ ਜੇ ਥਾ ਤਿਸੁ ਸਭਨਾ ਕੋ ਆਗਿਆ ਭਈ ਜੋ, "ਏਹੁ ਓੜਕੁ ਕਾ ਕੀਰਤਨੁ ਹੈ, ਰਹਣਾ ਕਿਸੇ ਨਾਹੀ — ਸਭਨਾ ਆਵਣਾ ।" ਤਬ ਜੇ ਕੋਈ ਥਾ ਸੋ ਸਭੁ ਕੀਰਤਨੁ ਮਹਿ ਆਇਆ ਅਰੁ ਬਹੁਤੁ ਭੈਮਾਨੁ ਉਦਾਸੁ ਚਿਤੁ ਜੋ ਸਤਿਗੁਰੂ ਜੀ ਕਾ ਕਿਆ ਰੰਗੁ ਹੈ ਜੋ ਓੜਕੁ ਕਾ ਕੀਰਤਨੁ ਕਹਤਾ ਹੈ । ਤਬ ਕੀਰਤਨੁ ਹੋਵਣੇ ਲਾਗਾ, ਸਾਖੀਆ ਕੀ ਭੀ ਚਾਹ ਸੀ, ਅਰੁ ਨਾਲੇ ਕੀਰਤਨੁ ਭੀ ਹੋਵੈ । ਤਬ ਰਬਾਬੀਆ ਸ੍ਰੀ ਕਬੀਰੁ ਜੀ ਕਾ ਪਦਾ ਗਾਵਿਆ, ਜੋ—

"ਉਨ ਲੋਕਨੁ ਅਭੈ ਪਦੁ ਪਾਇਆ,
ਏਹੁ ਲੋਕਨੁ ਬਿਸੁਆਸੀ ।
ਕਹਤੁ ਕਬੀਰੁ ਤੇਉ ਜਨ ਮੁਕਤੇ,
ਜਿਨਾ ਕਾਟੀ ਭ੍ਰਮੁ ਕੀ ਫਾਸੀ" ।।੧।।

ਤਬ ਸ੍ਰੀ ਸਤਿਗੁਰੂ ਜੀ ਕਹਿਆ ਜੋ, "ਹਰਿ ਜੀ, ਤੂ ਕੇਸੋ ਦਾਸ ਨੂ ਪੁਛੁ, ਤੁਧਿ ਸਭੁ ਗੋਸਟਾਂ ਲਿਖੀਆਂ ਹੈਨਿ; ਏਸੁ ਅਖਰ ਦਾ ਅਰਥ ਕਿਉ ਕਰਿ ਹੈ ?" ਤਬ ਕੇਸੋ ਦਾਸਿ ਖਲੇ ਹੋਇ ਕਰਿ ਹਾਥ ਦੋਨੋ ਜੋੜਿ ਕਰਿ ਬੇਨਤੀ ਕਰੀ ਜੋ, "ਜੀ, ਬਲਿਹਾਰਿ ਜਾਉ ਗੁਰੁ ਦੇਉ ਜੀ, ਮੇਰੇ ਤਾਈ ਚਿਤਿ ਨਾਹੀ ਰਹਿਆ ।" ਤਬ ਸ੍ਰੀ ਸਤਿਗੁਰੂ ਜੀ ਕਹਿਆ ਜੋ, "ਕੇਸੋ ਦਾਸ, ਬੈਠੁ ।" ਫੇਰ ਬੁੱਧਿ ਪੂਰਵਕ ਹੀ ਇਸ ਦਾ ਅਰਥ ਦਸਿਆ ।

ਤਬ ਰਬਾਬੀਆਂ ਨੂੰ "ਸਜਣ ਸੋਢੀ ਨਾਲ ਮੈ......" ਸਬਦ



Digitized by Panjab Digital Library | www.panjabdigilib.org

ਗਾਉਣ ਦਾ ਹੁਕਮ ਹੋਇਆ । ਇਸ ਸ਼ਬਦ ਦਾ ਭੋਗ ਪੈਣ ਤੇ ਫੇਰ ਮਹਿਤਾ ਮੁਰਾਰੀ ਦਾਸ ਵਲ ਦੇਖਿਆ ਤੇ ਕਿਹਾ, "ਮਹਿਤਾ ! ਹਰਿ ਜੀ ਦੀ ਅਤੇ ਗੁਰੂ ਦੇ ਪਰਿਵਾਰ ਦੀ ਬਹੁਤੁ ਸੇਵਾ ਕਰਨੀ ।" ਤਬ ਮਹਿਤਾ ਸਮਝਿ ਗਇਆ ਜੋ ਸ੍ਰੀ ਸਤਿਗੁਰੂ ਜੀ ਆਪਿ ਦਰਗਹਿ ਕਉ ਪਹੁਚੇ ਹੈ ਅਰੁ ਮੁਝ ਕਉ ਪੀਛੇ ਛੋਡਿਆ ਚਾਹਤੇ ਹੈ ।" ਫੇਰ ਜੋਤਿਸੀ ਤੇ ਵੈਦ ਆਏ ਜੋ ਕਰਾਮਾਤ ਅਗੇ ਨਿਉਂ ਗਏ । (ਗੋਸ਼ਟਿ ੪੩)

ਫੇਰ ਇਸ ਤੋਂ ਪਿੱਛੋਂ ਅੰਤਲੀ ਭੇਦ ਭਰੀ ਸਾਖੀ ਕੁਝ ਹੋਰ ਹੀ ਰੰਗ ਵਿਚ, ਪਰ ਬੜੇ ਵੈਰਾਗਮਈ ਢੰਗ ਨਾਲ ਬਿਆਨ ਕੀਤੀ ਹੈ ਤੇ ਲਿਖਿਆ ਹੈ ਕਿ :—

"ਮਿਹਰਵਾਨ ਜੀ ਦੇ, ਅੰਤ ਸਮਾਂ ਨੇੜੇ ਆਉਣ ਤੇ, ਵੈਰਾਗਮਈ ਵੱਚਨ ਸੁਣ ਕੇ ਹਰਿ ਜੀ ਦਾ ਦਿਲ ਭਰ ਆਇਆ ਤੇ ਆਗਿਆ ਲੈ ਕੇ ਇਸ ਸ਼ਲੋਕ ਦੇ ਰੂਪ ਵਿਚ ਬੇਨਤੀ ਕੀਤੀ—

ਸਲੋਕੁ ।

ਜਾ ਸੰਗਿ ਪੀਉ ਤਾ ਅਧਿਕ ਪ੍ਰੀਤਿ,
ਕੀਮਤੁ ਮੁਖਹੁ ਕਹੀ ਨ ਜਾਇ ।
ਨਿਸ ਦਿਨ ਚੰਦ ਚਕੋਰ ਗਤਿ,
ਨੈਨ ਰਹੈ ਟਕਿ ਲਾਇ ।
ਗੁਰੁ ਸਮੀਪ ਆਨੰਦ ਕੀ,
ਕਿਆ ਕਰਿ ਕਹੋ ਸੁਨਾਇ ।
ਬ੍ਰਹਮ ਪੁਰੀ ਸੁਖੁ ਸਿਉ ਪੁਰੀ,
ਬੈਕੁੰਠਿ ਨ ਪਾਇਆ ਜਾਇ ।
ਮੈਂ ਜਾਨਿਆ ਏਹੁ ਸੰਗੁ ਨਿਤ,
ਹੈ ਅੰਤਰੁ ਕਬਹੂ ਨ ਪਾਇ ।



Digitized by Panjab Digital Library | www.panjabdigilib.org

ਸੂਖੁ ਸਹਜਿ ਆਨੰਦਿ ਸਿਉ,
ਦਿਨ ਪਲੁ ਗਏ ਵਿਹਾਇ ।
ਜਿਉ ਮੀਨਾ ਜਲ ਮਹਿ ਰਹੈ,
ਤਿਹ ਮਨ ਚਿਤ ਨ ਕਾਇ ।
ਬਿਛੁਰ ਪਰੈ ਜਬ ਜਲ ਤੀਰ ਤਟ,
ਅਭਿਅੰਤਰੁ ਕੁਮਲਾਇ ।
ਅਬ ਏਕ ਪਲਕੁ ਜੁਗਿ ਕੋਟ ਭਰਿ,
ਬਿਰਹੁ ਗਇਆ ਮਨਿ ਧਾਇ ।
ਜਿਨਾ ਡਿਠਿਆ ਜੀਵੀਐ,
ਮਿਲਿਆ ਦੁਖੁ ਸਭੁ ਜਾਇ ।
ਜੇ ਬਲੁ ਦੇਖਾ ਆਪਣਾ,
ਰਖਾ ਕੰਠਿ ਲਗਾਇ ।
ਮਨ ਮਹਿ ਅਉਰ ਨ ਕਾਈ ਆਵਈ,
ਏਹੁ ਬਾਂਛਾ ਰਹੀ ਸਮਾਇ ।
ਜਨ ਨਾਨਕ ਸਚਾ ਮਿਹਰਿਵਾਨ,
ਕਬਹੂ ਵਿਥ ਨ ਪਾਇ ॥

ਤੇ ਫੇਰ ਸੋਢੀ ਹਰਿ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਪੁ ਬਾਣੀ ਦੀ ਰਚਨਾ ਬਾਰੇ ਕੁਝ ਮਨੋਕਤੀਆਂ ਇਸਤਰ੍ਹਾਂ ਲਿਖੀਆਂ ਹਨ :—

"ਤਬ ਸ੍ਰੀ ਸਤਿਗੁਰੂ ਮਿਹਰਿਵਾਨ ਜੀ ਮੁਸਕਾਇ ਕੈ ਕਹਿਆ ਜੋ, 'ਭਾਈ ਸਿਖਹੁ ! ਦੇਖਹੁ ਤਉ ਏਹੁ ਪ੍ਰੇਮੁ ਕੇਹੀ ਵਸਤੁ ਬਣੀ ਹੈ, ਗੁਰੂ ਕੇ ਵਿਦਿਮਾਨਿ ਕੋਈ ਅਪਨਾ ਸਲੋਕੁ-ਸਬਦੁ ਨ ਕਰਿ ਸਕੈ । ਜੈਸੇ ਗੁਰੂ ਬਾਬੇ ਨਾਨਕ ਜੀ ਅਰੁ ਗੁਰੂ ਅੰਗਦ ਜੀ ਸਦਾ ਏਕਠੇ ਹੀ ਬਾਣੀ ਕਰਦੇ ਸੇ, ਪਰੁ ਇਕ ਸਮੇਂ ਗੁਰੂ ਬਾਬੇ ਨਾਨਕ ਜੀ ਨੇ ਗੁਰੂ ਅੰਗਦ ਨੂੰ ਮਨਹਿ ਕੀਤਾ । ਤਬ ਗੁਰੂ ਅੰਗਦੁ



Digitized by Panjab Digital Library | www.panjabdigilib.org

ਬਾਣੀ ਕਰਣੋ ਰਹਿ ਗਇਆ। ਗੁਰੂ ਬਾਬੇ ਨਾਨਕ ਹੋਂਦਿਆਂ ਹੀ ਗੁਰੂ ਅੰਗਦ ਦੀ ਬਾਣੀ ਹੋਈ ਸੋ ਹੋਈ, ਫੇਰਿ ਗੁਰੂ ਬਾਬੇ ਥੀ ਪਿਛੇ ਬਾਣੀ ਨ ਹੋਈ। ਪਰੁ ਹਰਿ ਜੀ ਕਾ ਪ੍ਰੇਮੁ ਮੇਰੇ ਵਿਖੇ ਉਮਡਿਆ ਹੈ ਅਰੁ ਮੇਰਾ ਪ੍ਰੇਮੁ ਇਸੁ ਵਿਖੇ ਵਿਸੇਖ ਵਸਿਆ ਹੈ, ਅਰੁ ਬਚਾ! ਆਉ, ਮੇਰੀ ਪੈਰੀ ਪਉ, ਤੁਧ ਉਪਰ ਮੇਰੀ ਬਹੁਤੁ ਖੁਸੀ ਹੈ। ਅਰੁ ਬਹੁਤੁ ਪ੍ਰੇਮੁ ਕੀ ਅਰੁ ਹਰਿ ਭਾਂਤ ਕੀ ਬਾਣੀ ਤੂ ਉਚਰਹਿਗਾ। ਏਹੁ ਮੇਰੀ ਤੈਨੂ ਆਗਿਆ ਹੈ ਜੋ ਤੇਰੇ ਮੁਖੁ ਕੀ ਬਾਣੀ ਭੀ ਸਰਬੰਗੁ ਹੋਇਗੀ ਅਰੁ ਜਬ ਜੰਗਲ ਮਹਿ ਕੀਰਤਨੁ ਕੇ ਵਿਖੇ ਜੋ ਜੋ ਸਬਦੁ ਹੋਦਾ ਅਰੁ ਤੂ ਲਿਖਦਾ ਜਾਂਦਾ ਹੁੰਦਾ ਸੀ ਅਰੁ ਕਦੇ ਕਦੇ ਸੁੰਦਰ ਦਾਸ ਭੀ ਲਿਖਦਾ ਹੁੰਦਾ ਸੀ ਅਰੁ ਤੂ ਨਿਤ ਹੀ ਲਿਖਦਾ ਹੁੰਦਾ ਸਹਿ ਤਦ ਭੀ ਤੁਧ ਨੂ ਮੇਰੇ ਬਚਨ ਹੋਏ ਸੇ ਜੋ, "ਤੇਰੀ ਬਾਣੀ ਭੀ ਬਹੁਤੁ ਹੋਵੇਗੀ, ਪਰੁ ਭੋਗੁ ਗੁਰੂ ਨਾਨਕ ਜੀ ਕਾ ਹੀ ਪਾਵਣਾ। ਸੋ ਅਬ ਉਹ ਸਮਾ ਭੀ ਆਇਆ ਹੈ ਅਰੁ ਪ੍ਰੇਮੁ ਤੇਰਾ ਦੇਖਿ ਕਰਿ ਮੇਰਾ ਮਨੁ ਬਹੁਤੁ ਖੁਸੀ ਤੇ ਅਨੰਦੁ ਭਇਆ ਹੈ।"...

**ਸੋਢੀ ਹਰਿ ਜੀ ਨੂੰ ਵਰ-ਦਾਨ**

ਸੋਢੀ ਮਿਹਰਵਾਨ ਜੀ ਨੇ ਇਸਤਰ੍ਹਾਂ ਭਾਵੇਂ ਆਤਮਕ ਆਨੰਦ ਵੀ ਅਨੁਭਵ ਕੀਤਾ, ਪਰ ਇਸ ਦੇ ਨਾਲ ਹੀ ਇਕ ਅੰਤਰਵੇਦਠਾ ਵੀ ਸੀ, ਉਹ ਅੰਤਰ-ਵੇਦਨਾ ਸੀ ਬਾਕਾਇਦਾ ਗੁਰਿਆਈ ਦੀ ਗੱਦੀ ਨਾ ਮਿਲਣ ਦੀ, ਜਿਸ ਕਰ ਕੇ ਉਸ ਦਾ ਆਪਣੇ ਪਿਤਾ ਪ੍ਰਿਥੀ ਚੰਦ ਵਾਂਗੁ ਸ਼੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਉਨ੍ਹਾਂ ਦੇ ਸੁਪੁਤ੍ਰ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਨਾਲ ਸਦਾ ਝਗੜਾ ਹੀ ਰਿਹਾ। ਸੋਢੀ ਮਿਹਰਵਾਨ ਜੀ ਨੇ ਆਪਣੀ ਬਾਣੀ ਵਿਚ ਇਹ ਦਿਲੀ ਦੁੱਖ ਇਕ ਥਾਵੇਂ ਸੰਕੇਤ ਨਾਲ ਇਸਤਰ੍ਹਾਂ ਪ੍ਰਗਟ ਕੀਤਾ ਹੈ :

**ਆਖ਼ਰੀ ਅੰਤਰਵੇਦਨਾ**

ਜਿਨ੍ਹੀ ਕਮਾਈ ਬੰਦਗੀ,
ਸਚ ਦਰਗਹਿ ਸੇ ਪਰਵਾਣ।



Digitized by Panjab Digital Library | www.panjabdigilib.org

ਉਨ੍ਹਾਂ ਅੰਦਰ ਸਚ ਗਰੀਬੀ ਆਪ,
ਕਿਉ ਬੋਲਹਿ ਕਰ ਬਹੁ ਮਾਣ।
ਕਰਣੀ ਪਿਛੋਂ ਛੁਟਸੀ,
ਕਉਣ ਹਿੰਦੂ ਮੁਸਲਮਾਣ।
ਹਥ ਨਾਹੀ ਕਿਹੁ ਕਿਸੇ ਦੇ,
ਰਬ ਸਭ ਕਿਛੁ ਜਾਣੇ ਜਾਣ।
ਇਕ ਸਦਾਇਨ ਸਿਧ ਪੀਰ,
ਇਕਨਾ ਗੁਰਿਆਈ ਦਾ ਮਾਣ।
ਨਾਨਕ ਦਾਸ ਤੁਮਾਰਾ ਤ੍ਰਾਣ ॥੨੪॥

ਇਸ ਤੋਂ ਬਾਦ ਮਾਘ ਸੁਦੀ ਬਸੰਤ ਪੰਚਮੀ ਸੰਮਤ ੧੬੯੬ ਬਿ: ਨੂੰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਸੋਢੀ ਹਰਿ ਜੀ ਨੂੰ ਗੱਦੀ ਦੇਣ ਤੋਂ ਉਪਰੰਤ ਸੋਢੀ ਮਿਹਰਵਾਨ ਜੀ ਦਾ ਦੇਹਾਂਤ ਪਿੰਡ ਹੇਹਰ (ਲਾਹੌਰ) ਵਿਖੇ ਹੋਇਆ, ਜਿੱਥੇ ਕਿ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ।

—o—



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1504

Digitized by Panjab Digital Library | www.panjabdigilib.org

# ਪੜ੍ਹਣ ਯੋਗ ਪੁਸਤਕਾਂ ਅੱਜ ਹੀ ਮੰਗਵਾ ਕੇ ਪੜ੍ਹੋ

| | | |
|---|---|---|
| ਦਸਮ ਗੁਰੂ ਜੀਵਨ ਤੇ ਸ਼ਖਸ਼ੀਅਤ | | 2.50 |
| ਭਗਤੀ ਤੇ ਸ਼ਕਤੀ | (ਡਾ:ਤਾਰਨ ਸਿੰਘ ਐਮ.ਏ.ਪੀ.ਐਚ.ਡੀ.) | 5.50 |
| ਸਹਿਜ ਤੇ ਅਨੰਦ | ,, | 5.50 |
| ਨੇਮ ਤੇ ਪ੍ਰੇਮ | ,, | 5.50 |
| ਸਿਖ ਧਰਮ ਦੇ ਰਹਿਸ ਤੇ ਰਮਜ਼ | ,, | 5.50 |
| ਨਾਮੁ ਨਿਧਾਨ | ,, | 4.00 |
| ਦਸਮੇਸ਼ ਦਰਪਣ | ,, | 7.00 |
| ਜਪੁਜੀ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ | ,, | 4.50 |
| ਲਾਸਾਂ | (ਡਾ: ਹਰਭਜਨ ਸਿੰਘ ਐਮ.ਏ.ਪੀ.ਐਚ.ਡੀ.) | 3.00 |
| ਅੱਧ ਰੈਹਣੀ | ,, | 3.00 |
| ਤਾਰ ਤੁਪਕਾ | ,, | 3.00 |
| ਸ਼ਹੀਦ ਮਹਿਤਾਬ ਸਿੰਘ | (ਗਿ: ਤਰਲੋਕ ਸਿੰਘ) | 3.00 |
| ਅਜ਼ਾਦੀ ਦੀ ਸ਼ਮ੍ਹਾਂ | ,, | 5.00 |
| ਮਹਾਂਰਾਣੀ ਜਿੰਦਾਂ | (ਸੋਹਣ ਸਿੰਘ ਸੀਤਲ) | 2.50 |
| ਧਰਮ ਦਾ ਮਾਰਗ | (ਪ੍ਰੋ: ਬਚਨ ਸਿੰਘ) | 3.75 |
| ਆਤਮ ਦਰਸ਼ਨ 20-00 | ਦਸਮ ਗ੍ਰੰਥ ਬਾਰੇ | 4.50 |
| ਗੁਰੂ ਗ੍ਰੰਥ ਦਰਪਣ (ਦਸ ਜਿਲਦਾਂ) | ਪ੍ਰੋ: ਸਾਹਿਬ ਸਿੰਘ | 200-00 |
| ਮਹਾਨ ਕੋਸ਼ | ਕਾਨ੍ਹ ਸਿੰਘ ਨਾਭਾ | 42-00 |
| ਨੂਰੀ ਦਰਸ਼ਨ 3-75 | ਗੁਰੂ ਹੁਕਮ ਦੀ ਮਹਿਮਾ ਤੇ ਵਡਿਆਈ | 4-00 |
| ਅਕਾਲੀ ਫੂਲਾ ਸਿੰਘ 3-75 | ਗੁਰੂ ਨਾਨਕ (ਪ੍ਰੋ: ਕਰਤਾਰ ਸਿੰਘ) | 7-50 |
| ਚਾਤਰ ਦੀਆਂ ਵਾਰਾਂ | | 3-00 |
| ਗੁਰੂ ਨਾਨਕ | ਡਾ: ਗੋਪਾਲ ਸਿੰਘ | 2-00 |
| ਗੁਰੂ ਗੋਬਿੰਦ ਸਿੰਘ | ,, | 2-00 |
| ਬਾਬਾ ਗੁਰਦਿਤ ਸਿੰਘ | ਕਾਮਾ ਗਾਟਾ ਮਾਰੂ ਦਾ ਜੀਵਨ | 5-00 |

ਮਿਲਣ ਦਾ ਪਤਾ —

## ਫ਼ਕੀਰ ਸਿੰਘ ਐਂਡ ਸੰਨਜ਼

ਘੰਟਾ ਘਰ, ਅੰਮ੍ਰਿਤਸਰ ਫ਼ੋਨ—41336

Digitized by Panjab Digital Library | www.panjabdigilib.org